hamdardtvcanada | @hamdardmediagroup | ads@hamdardtv.ca

24 ਘੰਟੇ 7 ਦਿਨ ਹਮਦਰਦ ਟੀ.ਵੀ. ਵੇਖਣ ਲਈ www hamdardmediagroup.com ਤੇ ਵਿਜ਼ਿਟ ਕਰੋ

Daily Hamdard

Estd.1991

# ਹਮਦਰਦ

18 ਜਨਵਰੀ, 2026


HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada

www.hamdardmediagroup.com | Email: ads@hamdardtv.ca | Ph: 905.791.9999

## ਅਮਰੀਕਾ-ਕੈਨੇਡਾ ਦੇ 6 ਪੰਜਾਬੀ ਟਰੱਕ ਡਰਾਈਵਰਾਂ 'ਚੋਂ ਇਕ ਨੂੰ ਕੈਦ

### ਲਵਪ੍ਰੀਤ ਦੇ ਟਰੱਕ ਦੀ ਟੱਕਰ ਨਾਲ 2 ਜਣੇ ਸੜੇ ਸਨ ਜਿਊਂਦੇ

ਵਿੰਡਸਰ, 17 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਅਤੇ ਕੈਨੇਡਾ ਵਿਚ 6 ਪੰਜਾਬੀ ਟਰੱਕ



ਡਰਾਈਵਰਾਂ ਵਿਰੁੱਧ ਜਾਨਲੇਵਾ ਹਾਦਸਿਆਂ ਬਾਰੇ ਚੱਲ ਰਹੇ ਮੁਕੱਦਮਿਆਂ ਵਿਚੋਂ ਇਕ ਦਾ ਫ਼ੈਸਲਾ ਆ ਗਿਆ ਹੈ ਅਤੇ 30 ਸਾਲ ਦੇ ਲਵਪ੍ਰੀਤ ਸਿੰਘ ਨੂੰ 9 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਵਿੰਡਸਰ ਦੀ ਅਦਾਲਤ ਵੱਲੋਂ ਸੁਣਾਈ ਸਜ਼ਾ ਮੁਕੰਮਲ ਹੋਣ ਮਗਰੋਂ ਲਵਪ੍ਰੀਤ ਸਿੰਘ ਚਾਰ ਸਾਲ ਤੱਕ ਟਰੱਕ ਨਹੀਂ ਚਲਾ ਸਕੇਗਾ। ਸੀ.ਟੀ.ਵੀ. ਨਿਊਜ਼ ਦੀ ਰਿਪੋਰਟ ਮੁਤਾਬਕ 23 ਸਤੰਬਰ 2022 ਨੂੰ ਵਾਪਰੇ ਹਾਦਸੇ ਦੌਰਾਨ ਲਵਪ੍ਰੀਤ ਸਿੰਘ 104 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਟਰੱਕ ਚਲਾ ਰਿਹਾ ਸੀ ਅਤੇ ਹਾਈਵੇਅ 401 'ਤੇ ਇਕ ਕਾਰ ਨੂੰ ਟੱਕਰ ਮਾਰ ਦਿਤੀ। ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਦਾ ਦਾਅਵਾ ਹੈ ਕਿ ਹਾਦਸੇ ਤੋਂ 30 ਸੈਕਿੰਡ ਪਹਿਲਾਂ ਉਸ ਨੂੰ ਟੈਕਸਟ ਮੈਸੇਜ ਆਇਆ ਅਤੇ ਉਹ ਫੋਨ ਦੇਖਣ ਲੱਗਾ।

ਡਰਾਈਵਿੰਗ ਦੌਰਾਨ ਲਾਪ੍ਰਵਾਹੀ ਕਰ ਕੇ ਅੱਗੇ ਜਾ ਰਹੀ ਕਾਰ ਦੇ ਪਿਛਲੇ ਹਿੱਸੇ ਵਿਚ ਵੱਜੀ ਜ਼ੋਰਦਾਰ ਟੱਕਰ ਮਗਰੋਂ ਅੱਗ ਲੱਗ ਗਈ ਅਤੇ ਇਸ ਵਿਚ ਸਵਾਰ ਦੋ ਜਣੇ ਜਿਊਂਦੇ ਸੜ ਗਏ। ਜੱਜ ਨੇ ਮੰਨਿਆ ਕਿ ਲਵਪ੍ਰੀਤ ਸਿੰਘ ਨੂੰ ਆਪਣੇ ਹਰਕਤ 'ਤੇ ਡੂੰਘਾ ਅਫ਼ਸੋਸ ਹੈ ਅਤੇ ਉਸ ਨੇ ਕਾਰ ਵਿਚ ਸੜ ਰਹੇ ਦੋ ਜਣਿਆਂ ਨੂੰ ਬਚਾਉਣ ਦੇ ਭਰਪੂਰ ਯਤਨ ਕੀਤੇ ਪਰ ਕਮਰਸ਼ੀਅਲ ਡਰਾਈਵਰ ਨੂੰ ਸਜ਼ਾ ਤੋਂ ਬਗੈਰ ਛੱਡਣਾ ਵਾਜਬ ਨਹੀਂ ਹੋਵੇਗਾ। ਜੱਜ ਨੇ ਆਪਣੇ ਫ਼ੈਸਲੇ ਵਿਚ ਉਮੀਦ ਜ਼ਾਹਰ ਕੀਤੀ ਕਿ ਇਸ ਰਾਹੀਂ ਲਾਪ੍ਰਵਾਹ ਡਰਾਈਵਰਾਂ ਨੂੰ ਸਬਕ ਮਿਲੇਗਾ।

ਦੂਜੇ ਪਾਸੇ ਅਮਰੀਕਾ ਦੇ ਵਾਸ਼ਿੰਗਟਨ ਸੂਬੇ ਵਿਚ ਕਮਲਪ੍ਰੀਤ ਸਿੰਘ ਦੇ ਟਰੱਕ ਦੀ ਟੱਕਰ ਨਾਲ ਜਾਨ ਗਵਾਉਣ ਵਾਲੇ ਸ਼ਖਸ ਦੇ ਪਰਵਾਰ ਨੇ ਦੋਸ਼ ਲਾਇਆ ਹੈ ਕਿ ਦੋ ਸੂਬਾ ਸਰਕਾਰਾਂ ਵਿਰੁੱਧ ਉਨ੍ਹਾਂ ਦਾ ਮੁਕੱਦਮਾ ਲੜਨ ਵਾਸਤੇ ਕੋਈ ਵਕੀਲ ਜਾਂ ਲਾਅ ਫ਼ਰਮ ਤਿਆਰ ਨਹੀਂ। ਕੈਲੇਫੋਰਨੀਆ ਵਿਚ ਰਹਿੰਦੇ ਕਮਲਪ੍ਰੀਤ ਸਿੰਘ ਦੇ ਟਰੱਕ ਦੀ ਟੱਕਰ ਨਾਲ ਰੌਬਰਟ ਪੀਅਰਸਨ ਦੀ ਮੌਤ ਹੋਈ ਅਤੇ ਉਸ ਦੀ ਭੈਣ ਜੈਨ ਜੈਨਸਨ ਕੈਲੇਫੋਰਨੀਆ ਅਤੇ ਵਾਸ਼ਿੰਗਟਨ ਰਾਜਾਂ ਵਿਰੁੱਧ ਮੁਕੱਦਮਾ ਦਾਇਰ ਕਰਨਾ ਚਾਹੁੰਦੀ ਹੈ ਜਿਥੇ ਕਮਲਪ੍ਰੀਤ ਸਿੰਘ ਨੂੰ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਕੀਤਾ ਗਿਆ।

ਕਮਲਪ੍ਰੀਤ ਸਿੰਘ ਨੂੰ ਅਦਾਲਤ ਨੇ ਇਕ ਲੱਖ ਡਾਲਰ ਦੀ ਜ਼ਮਾਨਤ ਰਿਹਾਅ ਕਰ ਦਿਤਾ ਸੀ ਪਰ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਵਾਲਿਆਂ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਜਿਸ ਉਤੇ ਪਹਿਲਾਂ ਹੀ ਡਿਟੇਨਰ ਲਾਗੂ ਸੀ। ਇਸੇ ਦੌਰਾਨ ਕੈਲੇਫੋਰਨੀਆ ਵਿਚ ਜਸ਼ਨਪ੍ਰੀਤ ਸਿੰਘ ਵਿਰੁੱਧ ਚੱਲ ਰਹੇ ਮੁਕੱਦਮੇ ਦੌਰਾਨ ਉਸ ਨੂੰ ਦਸਤਾਰ ਸਜਾਉਣ ਦੀ ਇਜਾਜ਼ਤ ਤਾਂ ਮਿਲ ਗਈ ਪਰ ਪੰਜਾਬੀ ਟ੍ਰਾਂਸਲੇਟਰ ਨਾ ਪੁੱਜਣ ਕਰ ਕੇ ਸੁਣਵਾਈ ਤਿੰਨ ਘੰਟੇ ਲਟਕ ਗਈ। ਜਸ਼ਨਪ੍ਰੀਤ ਸਿੰਘ ਵਿਰੁੱਧ ਨਸ਼ੇ ਦੀ ਹਾਲਤ ਵਿਚ ਟਰੱਕ ਚਲਾਉਣ ਦੇ ਦੋਸ਼ ਲੱਗੇ ਸਨ ਜੋ ਬਾਅਦ ਵਿਚ ਝੂਠੇ ਸਾਬਤ ਹੋਏ ਅਤੇ ਹੁਣ ਵਹੀਕੁਲਰ ਮੈਨਸਲੌਟਰ ਦੇ ਤਿੰਨ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

## ਯੂ.ਕੇ ਦੇ ਗੁਰਦਵਾਰਾ ਸਾਹਿਬ ਵਿਚ ਮੀਟ ਸੁੱਟਣ ਵਾਲਾ ਕਾਬੂ

### ਪਾਰਲੀਮੈਂਟ ਵਿਚ ਮੁੱਦਾ ਉਠਣ ਮਗਰੋਂ ਪੁਲਿਸ ਨੇ ਕੀਤੀ ਕਾਰਵਾਈ

ਲੰਡਨ, 17 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਯੂ.ਕੇ. ਦੇ ਵੈਸਟ ਬ੍ਰੌਮਵਿਚ ਵਿਖੇ ਗੁਰੂ ਨਾਨਕ ਗੁਰਦਵਾਰਾ ਸਾਹਿਬ ਦੀ ਬੇਅਦਬੀ



ਕਰਨ ਵਾਲਾ ਗੋਰਾ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਇਹ ਕਾਰਵਾਈ ਵੈਸ ਬ੍ਰੌਮਵਿਚ ਤੋਂ ਲੇਬਰ ਪਾਰਟੀ ਦੀ ਐਮ.ਪੀ. ਸਾਰਾਹ ਕੂੰਬਜ਼ ਵੱਲੋਂ ਇਹ ਮਸਲਾ ਪਾਰਲੀਮੈਂਟ ਵਿਚ ਉਠਾਏ ਜਾਣ ਮਗਰੋਂ ਕੀਤੀ। ਸੀ.ਸੀ.ਟੀ.ਵੀ. ਫੁਟੇਜ ਦੀ ਮਦਦ ਨਾਲ ਸ਼ੱਕੀ ਦੀ ਪਛਾਣ 42 ਸਾਲ ਦੇ ਟੌਮਾਜ਼ ਬਰੁਚ ਵਜੋਂ ਕੀਤੀ ਗਈ ਜਿਸ ਨੇ ਨਸਲੀ ਨਫ਼ਰਤ ਦਾ ਪ੍ਰਗਟਾਵਾ ਕਰਦਿਆਂ ਗੁਰਵਾਰਾ ਸਾਹਿਬ ਦੇ ਗੇਟ ਰਾਹੀਂ ਕੱਚਾ ਮਾਸ ਸੁੱਟਿਆ।
ਬਰੁਚ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਆਇਦ ਕੀਤੇ ਗਏ ਹਨ ਪਰ ਸਿੱਖ ਭਾਈਚਾਰੇ ਨੇ ਹੇਟ ਕ੍ਰਾਈਮ ਦੀਆਂ ਧਾਰਾਵਾਂ ਅਧੀਨ ਵੀ ਕਾਰਵਾਈ ਮੰਗੀ ਹੈ। ਸਾਰਾ ਕੂੰਬਜ਼ ਨੇ ਸੋਸ਼ਲ ਮੀਡੀਆ ਰਾਹੀਂ ਵੀਡੀਓ ਅਪਲੋਡ ਕਰਦਿਆਂ ਸ਼ੱਕੀ ਦੀ ਗ੍ਰਿਫ਼ਤਾਰੀ ਬਾਰੇ ਜਾਣਕਾਰੀ ਸਾਂਝੀ ਕੀਤੀ। ਪੁਲਿਸ ਨੇ ਸ਼ੱਕੀ ਨੂੰ ਅਦਾਲਤ ਵਿਚ ਪੇਸ਼ ਕਰਦਿਆਂ ਅਗਲੀ ਸੁਣਵਾਈ ਤੱਕ ਜੇਲ ਭੇਜ ਦਿਤਾ। ਮਾਮਲੇ ਦੀ ਅਗਲੀ ਸੁਣਵਾਈ ਵੁਲਵਰਹੈਂਪਟਨ ਦੀ ਮੈਜਿਸਟ੍ਰੇਟਸ ਕੋਰਟ ਵਿਚ ਹੋਵੇਗੀ। ਇਥੇ ਦਸਣਾ ਬਣਦਾ ਹੈ ਕਿ ਵੈਸਟ ਬ੍ਰੌਮਵਿਚ ਦੀ ਐਡਵਰਡ ਸਟ੍ਰੀਟ ਵਿਖੇ ਸਥਿਤ ਗੁਰਦਵਾਰਾ ਸਾਹਿਬ ਵਿਚ ਬੇਅਦਬੀ ਦੀ ਘਟਨਾ 22 ਦਸੰਬਰ 2025 ਨੂੰ ਵਾਪਰੀ। ਗੁਰਦਵਾਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਬੇਅਦਬੀ ਦੀ ਸ਼ਿਕਾਇਤ ਪੁਲਿਸ ਕੋਲ ਦਰਜ ਕਰਵਾਈ ਅਤੇ ਮਾਮਲੇ ਦੀ ਪੜਤਾਲ ਆਰੰਭ ਹੋ ਗਈ ਪਰ ਕਈ ਦਿਨ ਤੱਕ ਕੋਈ ਗ੍ਰਿਫ਼ਤਾਰੀ ਸੰਭਵ ਨਾ ਹੋ ਸਕੀ। ਇਸੇ ਦੌਰਾਨ ਸਾਰਾਹ ਕੂੰਬਜ਼ ਨੇ 8 ਜਨਵਰੀ 2026 ਨੂੰ ਇਹ ਮੁੱਦਾ ਸੰਸਦ ਵਿਚ ਉਠਾਉਂਦਿਆਂ ਕਿਹਾ ਕਿ ਧਾਰਮਿਕ ਘੱਟ ਗਿਣਤੀਆਂ ਦੀ ਸ਼ਿਕਾਇਤ 'ਤੇ ਫੌਰੀ ਕਾਰਵਾਈ ਹੋਣੀ ਚਾਹੀਦੀ ਹੈ।

ਮਾਮਲਾ ਕੌਮੀ ਪੱਧਰ 'ਤੇ ਪੁੱਜਣ ਮਗਰੋਂ ਵੈਸਟ ਬ੍ਰੌਮਵਿਚ ਪੁਲਿਸ ਨੇ ਵਧੇਰੇ ਸਰਗਰਮੀ ਨਾਲ ਸ਼ੱਕੀ ਦੀ ਭਾਲ ਆਰੰਭ ਦਿਤੀ ਅਤੇ ਆਖਰਕਾਰ ਸ਼ੱਕੀ ਦੀ ਪੈੜ ਨੱਪੀ ਜਾ ਸਕੀ। ਇਥੇ ਦਸਣਾ ਬਣਦਾ ਹੈ ਕਿ ਸ਼ੱਕੀ ਇਕ ਲਿਫ਼ਾਫ਼ੇ ਵਿਚ ਕੱਚਾ ਮਾਸ ਪਾ ਕੇ ਲਿਆ ਅਤੇ ਸੀ.ਸੀ.ਟੀ.ਵੀ. ਫੁਟੇਜ ਵਿਚ ਉਸ ਨੂੰ ਗੇਟ ਦੇ ਅੰਦਰ ਮਾਸ ਸੁਟਦਿਆਂ ਦੇਖਿਆ ਜਾ ਸਕਦਾ ਹੈ। ਸ਼ੱਕੀ ਦਾ ਕੋਈ ਪੱਕਾ ਪਤਾ-ਟਿਕਾਣਾ ਨਹੀਂ ਜਿਸ ਦੇ ਮੱਦੇਨਜ਼ਰ ਪੁਲਿਸ ਯਕੀਨੀ ਬਣਾਉਣਾ ਚਾਹੁੰਦੀ ਹੈ ਕਿਸੇ ਸਾਜ਼ਿਸ਼ ਅਧੀਨ ਗੋਰੇ ਤੋਂ ਕੱਚਾ ਮਾਸ ਗੁਰਦਵਾਰਾ ਸਾਹਿਬ ਅੰਦਰ ਸੁਟਵਾਇਆ ਨਾ ਗਿਆ ਹੋਵੇ। ਯੂ.ਕੇ. ਦੀਆਂ ਸਿੱਖ ਜਥੇਬੰਦੀਆਂ ਵੱਲੋਂ ਸਰਕਾਰ ਨੂੰ ਗੁਜ਼ਾਰਿਸ਼ ਕੀਤੀ ਗਈ ਹੈ ਕਿ ਧਾਰਮਿਕ ਸਥਾਨਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਵਾਲਾ ਕਾਨੂੰਨ ਲਿਆਂਦਾ ਜਾਵੇ।

## ਅਮਰੀਕਾ ਦੀਆਂ ਏਅਰਲਾਈਨਜ਼ ਨੂੰ ਮਿਲੀ ਚਿਤਾਵਨੀ

### ਮੈਕਸੀਕੋ ਉਤੇ ਹਮਲਾ ਕਰਨ ਦੀ ਤਿਆਰੀ ਵਿਚ ਟਰੰਪ



ਵਾਸ਼ਿੰਗਟਨ, 17 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਡੌਨਲਡ ਟਰੰਪ ਵੱਲੋਂ ਸੰਭਾਵਤ ਤੌਰ 'ਤੇ ਮੈਕਸੀਕੋ ਉਤੇ ਹਮਲੇ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਸ ਦੇ ਮੱਦੇਨਜ਼ਰ ਫ਼ੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਨੇ ਅਮਰੀਕਾ ਦੀਆਂ ਏਅਰਲਾਈਨਜ਼ ਨੂੰ ਚਿਤਾਵਨੀ ਜਾਰੀ ਕਰ ਦਿਤੀ। ਏਅਰਲਾਈਨਜ਼ ਨੂੰ ਮੈਕਸੀਕੋ ਅਤੇ ਲੈਟਿਨ ਅਮੈਰਿਕਾ ਦੇ ਕਈ ਮੁਲਕਾਂ ਦੇ ਅਸਮਾਨ ਵਿਚੋਂ ਲੰਘਦਿਆਂ ਸੁਚੇਤ ਰਹਿਣ ਵਾਸਤੇ ਆਖਿਆ ਗਿਆ ਹੈ। 16 ਜਨਵਰੀ ਨੂੰ ਜਾਰੀ ਅਤੇ 60 ਦਿਨ ਲਾਗੂ ਰਹਿਣ ਵਾਲੀ ਵਾਰਨਿੰਗ ਬਾਰੇ ਮੈਕਸੀਕੋ ਨੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਸਿਰਫ਼ ਅਹਿਤਿਆਤੀ ਕਦਮ ਹੈ ਅਤੇ ਮੁਲਕ ਦੀਆਂ ਹਵਾਈ ਸਰਹੱਦਾਂ 'ਤੇ ਕੋਈ ਪਾਬੰਦੀ ਲਾਗੂ ਨਹੀਂ ਕੀਤੀ ਗਈ। ਚੇਤੇ ਰਹੇ ਕਿ ਰਾਸ਼ਟਰਪਤੀ ਡੌਨਲਡ ਟਰੰਪ ਨੇ 8 ਜਨਵਰੀ ਨੂੰ ਕਿਹਾ ਸੀ ਕਿ ਮੈਕਸੀਕੋ ਵਿਚ ਡ੍ਰਗ ਕਾਰਟੈਲ ਮੁਲਕ ਚਲਾ ਰਹੇ ਹਨ ਅਤੇ ਅਮਰੀਕਾ ਇਨ੍ਹਾਂ ਵਿਰੁੱਧ ਜ਼ਮੀਨੀ ਹਮਲੇ ਕਰ ਸਕਦਾ ਹੈ। ਵੈਨੇਜ਼ੁਏਲਾ ਵਿਰੁੱਧ ਕਾਰਵਾਈ ਮਗਰੋਂ ਟਰੰਪ ਨੇ ਆਖਿਆ ਸੀ ਕਿ ਉਨ੍ਹਾਂ ਦੀ ਸਰਕਾਰ ਜਲਦ ਹੀ ਜ਼ਮੀਨ 'ਤੇ ਮੌਜੂਦ ਡ੍ਰਗ ਕਾਰਟੈਲਜ਼ ਨੂੰ ਨਿਸ਼ਾਨਾ ਬਣਾਉਣ ਦੀ ਕਾਰਵਾਈ ਸ਼ੁਰੂ ਕਰੇਗਾ। ਟਰੰਪ ਦਾ ਮੰਨਣਾ ਹੈ ਕਿ ਮੈਕਸੀਕੋ ਵਿਚ ਤਿਆਰ ਨਸ਼ਿਆਂ ਰਾਹੀਂ ਅਮਰੀਕਾ ਵਿਚ ਹਰ ਸਾਲ ਢਾਈ ਤੋਂ ਤਿੰਨ ਲੱਖ ਲੋਕ ਮਰ ਰਹੇ ਹਨ।

## ਕੈਨੇਡਾ ਵਿਚ ਪੰਜਾਬਣ ਦੇ ਕਤਲ ਮਗਰੋਂ ਫ਼ਰਾਰ ਮਨਪ੍ਰੀਤ ਗ੍ਰਿਫ਼ਤਾਰ

### ਅਮਨਪ੍ਰੀਤ ਕੌਰ ਦਾ ਅਕਤੂਬਰ 2025 ਵਿਚ ਹੋਇਆ ਸੀ ਕਤਲ

ਸੰਗਰੂਰ, 17 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਪੰਜਾਬੀ ਮੁਟਿਆਰ ਦਾ ਕਤਲ ਕਰ ਕੇ ਫ਼ਰਾਰ ਹੋਇਆ ਮਨਪ੍ਰੀਤ ਸਿੰਘ ਸੰਗਰੂਰ ਪੁਲਿਸ ਨੇ ਕਾਬੂ ਕਰ ਲਿਆ ਹੈ। ਜੀ ਹਾਂ, ਮਨਪ੍ਰੀਤ ਕੈਨੇਡਾ ਵਿਚ ਟੈਕਸੀ ਚਲਾਉਂਦਾ ਸੀ ਅਤੇ ਪੱਕਾ ਹੋਣ ਲਈ ਅਮਨਪ੍ਰੀਤ ਕੌਰ ਸੈਣੀ 'ਤੇ ਵਿਆਹ ਲਈ ਦਬਾਅ ਪਾਉਣ ਲੱਗਾ ਪਰ ਟੋਰਾਂਟੋ ਦੇ ਈਸਟ ਯਾਰਕ ਇਲਾਕੇ ਵਿਚ ਪਰਸਨਲ ਸਪੋਰਟ ਵਰਕਰ ਵਜੋਂ ਕੰਮ ਕਰ ਰਹੀ ਅਮਨਪ੍ਰੀਤ ਨੇ ਵਿਆਹ ਤੋਂ ਸਾਫ਼ ਨਾਂਹ ਕਰ ਦਿਤੀ। ਅਮਨਪ੍ਰੀਤ ਦਾ ਇਨਕਾਰ ਸੁਣਨ ਮਗਰੋਂ ਮਨਪ੍ਰੀਤ ਅੰਦਰ ਨਫ਼ਰਤ ਦੇ ਭਾਂਬੜ ਬਲ ਉਠੇ ਅਤੇ ਕੁਝ ਦਿਨ ਬਾਅਦ ਅਮਨਪ੍ਰੀਤ ਕੌਰ ਸੈਣੀ ਦੀ ਵੱਢੀ-ਟੁਕੀ ਲਾਸ਼ ਉਨਟਾਰੀਓ ਦੇ ਲਿੰਕਨ ਇਲਾਕੇ ਦੇ ਇਕ ਪਾਰਕ ਵਿਚੋਂ ਬਰਾਮਦ ਕੀਤੀ ਗਈ। ਦੱਸ ਦੇਈਏ ਕਿ ਅਮਨਪ੍ਰੀਤ ਕੌਰ 2020 ਵਿਚ ਕੈਨੇਡਾ ਪੁੱਜੀ ਅਤੇ ਨਰਸਿੰਗ ਕੋਰਸ ਮੁਕੰਮਲ ਕਰਨ ਮਗਰੋਂ ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰ ਲਈ ਜਦਕਿ ਦੂਜੇ ਪਾਸੇ ਯੂ.ਪੀ. ਦੇ ਲਖੀਮਪੁਰ ਇਲਾਕੇ ਨਾਲ ਸਬੰਧਤ ਮਨਪ੍ਰੀਤ 2022 ਵਿਚ ਕੈਨੇਡਾ ਪੁੱਜਾ ਅਤੇ ਉਸ ਨੂੰ ਪੀ.ਆਰ. ਹਾਸਲ ਕਰਨ ਵਿਚ ਦਿੱਕਤਾਂ ਆ ਰਹੀਆਂ ਸਨ। ਸੰਗਰੂਰ ਦੀ ਪ੍ਰੇਮ ਬਸਤੀ ਦੇ ਵਸਨੀਕ ਇੰਦਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਕਈ ਪਰਵਾਰ ਨੂੰ ਫੋਨ ਕਰ ਕੇ ਮਨਪ੍ਰੀਤ ਦੀ ਧੱਕੇਸ਼ਾਹੀ ਬਾਰੇ ਦੱਸ ਚੁੱਕੀ ਸੀ। ਇਸੇ ਦੌਰਾਨ 21 ਅਕਤੂਬਰ 2025 ਨੂੰ ਅਮਨਪ੍ਰੀਤ ਦਾ ਸੰਪਰਕ ਪਰਵਾਰ ਨਾਲੋਂ ਟੁੱਟ ਗਿਆ। ਇੰਦਰਜੀਤ ਸਿੰਘ ਨੇ ਆਪਣੀ ਵੱਡੀ ਬੇਟੀ ਗੁਰਸਿਮਰਨ ਕੌਰ ਨੂੰ ਛੋਟੀ ਭੈਣ ਬਾਰੇ ਪਤਾ ਕਰਨ ਵਾਸਤੇ ਆਖਿਆ ਜੋ ਕੈਨੇਡਾ ਵਿਚ ਹੀ ਰਹਿੰਦੀ ਹੈ। ਗੁਰਸਿਮਰਨ ਕੌਰ ਨੇ ਅਮਨਪ੍ਰੀਤ ਦੇ ਇੰਪਲੋਇਰ



ਨੂੰ ਫੋਨ ਕੀਤਾ ਤਾਂ ਪਤਾ ਲੱਗਾ ਕਿ ਉਹ ਕੰਮ 'ਤੇ ਪਹੁੰਚੀ ਹੀ ਨਹੀਂ ਜਿਸ ਮਗਰੋਂ ਗੁਰਸਿਮਰਨ ਨੇ ਪੁਲਿਸ ਕੋਲ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ।

ਦੂਜੇ ਪਾਸੇ ਨਿਆਗਰਾ ਰੀਜਨਲ ਪੁਲਿਸ ਨੇ 21 ਅਕਤੂਬਰ ਦੀ ਸਵੇਰ ਲਿੰਕਨ ਕਸਬੇ ਦੇ ਚਾਰਲਸ ਡੇਲੀ ਪਾਰਕ ਵਿਚੋਂ ਇਕ ਲਾਸ਼ ਬਰਾਮਦ ਕੀਤੀ। ਨੌਰਥ ਸਰਵਿਸ ਰੋਡ ਅਤੇ ਹਾਈਵੇਅ 406 ਨੇੜਲੇ ਪਾਰਕ ਵਿਚ ਪੁੱਜੇ ਪੁਲਿਸ ਅਫ਼ਸਰਾਂ ਨੇ ਦੇਖਿਆ ਕਿ ਔਰਤ ਦੇ ਸਰੀਰ 'ਤੇ ਜ਼ਖਮਾਂ ਦੇ ਕਈ ਨਿਸ਼ਾਨ ਸਨ। ਔਰਤ ਦੀ ਸ਼ਨਾਖ਼ਤ ਅਮਨਪ੍ਰੀਤ ਕੌਰ ਸੈਣੀ ਵਜੋਂ ਹੋਈ ਅਤੇ ਪੁਲਿਸ ਮੁਤਾਬਕ ਸੋਚੀ ਸਮਝੀ ਸਾਜ਼ਿਸ਼ ਤਹਿਤ ਕਤਲ ਨੂੰ ਅੰਜਾਮ ਦਿਤਾ ਗਿਆ। ਪੁਲਿਸ ਨੇ ਬਰੈਂਪਟਨ ਦੇ 27 ਸਾਲਾ ਮਨਪ੍ਰੀਤ ਸਿੰਘ ਨੂੰ ਮੁੱਖ ਸ਼ੱਕੀ ਐਲਾਨ ਦਿਤਾ ਜੋ ਵਾਰਦਾਤ ਮਗਰੋਂ ਕੈਨੇਡਾ ਛੱਡ ਕੇ ਇੰਡੀਆ ਆ ਗਿਆ। ਸੰਗਰੂਰ ਦੇ ਐਸ.ਐਸ.ਪੀ. ਸਰਤਾਜ ਸਿੰਘ ਚਹਿਲ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਨੇ ਇੰਡੀਆ ਆਉਣ ਮਗਰੋਂ ਅਮਨਪ੍ਰੀਤ ਕੌਰ ਦੇ ਪਰਵਾਰ ਨੂੰ ਧਮਕਾਉਣਾ ਸ਼ੁਰੂ ਕਰ ਦਿਤਾ। ਵ੍ਹਟਸਐਪ ਅਤੇ ਇੰਸਟਾਗ੍ਰਾਮ ਰਾਹੀਂ ਤਾਂ ਧਮਕੀਆਂ ਆ ਹੀ ਰਹੀਆਂ ਸਨ ਪਰ ਇਕ ਦਿਨ ਉਹ ਹਥਿਆਰ ਲੈ ਕੇ ਇੰਦਰਜੀਤ ਸਿੰਘ ਦੇ ਘਰ ਦਾਖਲ ਹੋ ਗਿਆ ਅਤੇ ਕੈਨੇਡਾ ਵਿਚ ਕਤਲ ਦਾ ਮੁਕੱਦਮਾ ਵਾਪਸ ਲੈਣ ਦਾ ਦਬਾਅ ਪਾਉਣ ਲੱਗਾ। ਇਸ ਘਟਨਾ ਮਗਰੋਂ ਪਰਵਾਰ ਨੇ ਸੀ.ਸੀ.ਟੀ.ਵੀ. ਕੈਮਰੇ ਲਗਵਾ ਲਏ। 30 ਨਵੰਬਰ ਨੂੰ ਮਨਪ੍ਰੀਤ ਮੁੜ ਇੰਦਰਜੀਤ ਸਿੰਘ ਦੇ ਘਰ ਨੇੜੇ ਨਜ਼ਰ ਆਇਆ ਅਤੇ 10 ਜਨਵਰੀ 2026 ਨੂੰ ਤੀਜੀ ਵਾਰ ਘਰ ਦੇ ਆਲੇ ਦੁਆਲੇ ਗੇੜੇ ਲਾਉਂਦਾ ਦੇਖਿਆ ਗਿਆ। ਤੰਗ ਆ ਚੁੱਕੇ ਪਰਵਾਰ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿਤੀ ਅਤੇ 15 ਜਨਵਰੀ ਨੂੰ ਸੰਗਰੂਰ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਮਨਪ੍ਰੀਤ ਦੀ ਗ੍ਰਿਫਤਾਰੀ ਬਾਰੇ ਕੈਨੇਡਾ ਪੁਲਿਸ ਨੂੰ ਵੀ ਇਤਲਾਹ ਦੇ ਦਿਤੀ ਗਈ ਹੈ ਅਤੇ ਕਤਲ ਦਾ ਮੁਕੱਦਮਾ ਭੁਗਤਣ ਲਈ ਕੈਨੇਡਾ ਸਰਕਾਰ ਦੇ ਸਪੁਰਦ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

# ਅਮਰੀਕਾ ਦੀ ਅਦਾਲਤ ਵੱਲੋਂ ਆਈਸ ਨੂੰ ਸਖ਼ਤ ਤਾੜਨਾ

## ਵਿਖਾਵਾਕਾਰੀਆਂ ਨੂੰ ਗ੍ਰਿਫ਼ਤਾਰ ਕਰਨ 'ਤੇ ਲਾਈ ਰੋਕ

ਮਿਨੀਆਪੋਲਿਸ, 17 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੀ ਇਕ ਜ਼ਿਲ੍ਹਾ ਅਦਾਲਤ ਵੱਲੋਂ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਏਜੰਟਾਂ ਨੂੰ ਤਾੜਨਾ ਕੀਤੀ ਗਈ ਹੈ ਕਿ ਸ਼ਾਂਤਮਈ ਤਰੀਕੇ ਨਾਲ ਮੁਜ਼ਾਹਰਾ ਕਰ ਰਹੇ ਲੋਕਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ ਅਤੇ ਗੱਡੀਆਂ ਵਿਚ ਜਾਂਦੇ ਲੋਕਾਂ ਰੋਕਣ ਦੀ ਸਖ਼ਤ ਮਨਾਹੀ ਹੈ। ਜੋਅ ਬਾਇਡਨ ਵੱਲੋਂ ਨਿਯੁਕਤ ਜੱਜ ਕੇਟ ਮਨੈਂਡੇਜ਼ ਵੱਲੋਂ ਵਿਖਾਵਾਕਾਰੀਆਂ ਵੱਲ ਹੰਝੂ ਗੈਸ ਦੇ ਗੋਲੇ ਦਾਗਣ 'ਤੇ ਵੀ ਰੋਕ ਲਾਗੂ ਕੀਤੀ ਗਈ ਹੈ। ਮਿਨੇਸੋਟਾ ਦੀ ਜ਼ਿਲ੍ਹਾ ਅਦਾਲਤ ਦੀਆਂ ਹਦਾਇਤਾਂ ਮਿਨੀਆਪੋਲਿਸ ਵਿਖੇ ਆਈਸ ਦੀ ਗੋਲੀ ਨਾਲ ਹੋਈ ਮੌਤ ਅਤੇ ਵਿਖਾਵਾਕਾਰੀਆਂ ਦੀ ਕੀਤੀ ਜਾ ਰਹੀ ਫੜੋ-ਫੜੀ ਦੇ ਮੱਦੇਨਜ਼ਰ ਆਈਆਂ ਹਨ। ਉਧਰ ਅਮਰੀਕਾ ਦੀ ਸਹਾਇਕ ਗ੍ਰਹਿ ਸੁਰੱਖਿਆ ਮੰਤਰੀ ਟ੍ਰਿਸ਼ੀਆ ਮੈਕਲਾਫ਼ਲਿਨ ਨੇ ਕਿਹਾ ਕਿ ਡੀ.ਐਚ.ਐਸ. ਸ਼ਾਂਤਮਈ ਵਿਖਾਵੇ ਕਰਨ ਦੇ ਹੱਕ ਦਾ ਆਦਰ ਕਰਦਾ ਹੈ ਪਰ ਮਿਨੇਸੋਟਾ ਵਿਚ ਵੱਡੇ ਪੱਧਰ 'ਤੇ ਹਿੰਸਾ ਹੋ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਫਸਟ ਅਮੈਂਡਮੈਂਟ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਅਤੇ ਸ਼ਾਂਤਮਈ ਇਕੱਠ ਕਰਨ ਦੀ ਖੁੱਲ੍ਹ ਦਿੰਦੀ ਹੈ ਨਾਕਿ ਦੰਗੇ ਕਰਨ ਦੀ। ਡੀ.ਐਚ.ਐਸ. ਵੱਲੋਂ ਹਿੰਸਾ ਕਰਨ ਵਾਲਿਆਂ ਨੂੰ ਰੋਕਣ ਲਈ ਸੰਵਿਧਾਨ ਮੁਤਾਬਕ ਢੁਕਵੀਂ ਕਾਰਵਾਈ ਕੀਤੀ ਜਾ ਰਹੀ ਹੈ। ਲੋਕ ਸੁਰੱਖਿਆ ਵਾਸਤੇ ਖ਼ਤਰਾ ਬਣ ਚੁੱਕੇ ਲੋਕਾਂ ਨੂੰ ਖੁੱਲ੍ਹੇ ਨਹੀਂ



ਛੱਡਿਆ ਜਾ ਸਕਦਾ। ਇਸ ਦੇ ਨਾਲ ਹੀ ਲੋਕਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਲਾਅ ਐਨਫ਼ੋਰਸਮੈਂਟ ਅਫ਼ਸਰਾਂ ਦੇ ਕੰਮ ਵਿਚ ਅੜਿੱਕੇ ਡਾਹੁਣਾ ਵੀ ਇਕ ਅਪਰਾਧ ਹੈ। ਇਸੇ ਦੌਰਾਨ ਅਦਾਲਤ ਵਿਚ ਮਾਮਲੇ ਦੀ ਸੁਣਵਾਈ ਦੌਰਾਨ ਟਰੰਪ ਸਰਕਾਰ ਵੱਲੋਂ ਪੇਸ਼ ਵਕੀਲਾਂ ਨੇ ਦਲੀਲ ਦਿਤੀ ਕਿ ਆਈਸ ਦੇ ਅਫ਼ਸਰ ਆਪਣਾ ਬਚਾਅ ਕਰਨ ਲਈ ਕਾਰਵਾਈ ਕਰ ਰਹੇ ਹਨ। ਇਥੇ ਦਸਣਾ ਬਣਦਾ ਹੈ ਕਿ ਮਿਨੇਸੋਟਾ ਸਰਕਾਰ ਵੱਲੋਂ ਆਈਸ ਦੀ ਕਾਰਵਾਈ 'ਤੇ ਤੁਰਤ ਰੋਕ ਲਾਉਣ ਦੀ ਮੰਗ ਕਰਦਾ ਇਕ ਮੁਕੱਦਮਾ ਵੱਖਰੇ ਤੌਰ 'ਤੇ ਦਾਇਰ ਕੀਤਾ ਗਿਆ ਹੈ। ਸੂਬੇ ਦੇ ਸਹਾਇਕ ਅਟਾਰਨੀ ਜਨਰਲ ਬ੍ਰਾਇਨ ਕਾਰਟਰ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਇਹ ਸਭ ਤੁਰਤ ਰੋਕਿਆ ਜਾਣਾ ਲਾਜ਼ਮੀ ਹੈ। ਦੂਜੇ ਪਾਸੇ ਅਮਰੀਕਾ ਦੇ ਨਿਆਂ ਵਿਭਾਗ ਵੱਲੋਂ ਮਿਨੇਸੋਟਾ ਦੇ ਗਵਰਨਰ ਟਿਮ ਵਾਲਜ਼ ਅਤੇ ਮਿਨੀਆਪੋਲਿਸ ਦੇ ਮੇਅਰ ਜੈਕਬ ਫਰੇਅ ਵਿਰੁੱਧ ਪੜਤਾਲ ਆਰੰਭ ਦਿਤੀ ਹੈ। ਦੋਸ਼ ਲੱਗੇ ਰਹੇ ਹਨ ਕਿ ਗਵਰਨਰ ਅਤੇ ਮੇਅਰ ਦੀ ਮਿਲੀਭੁਗਤ ਤਹਿਤ ਆਈਸ ਦੇ ਕੰਮ ਵਿਚ ਅੜਿੱਕੇ ਡਾਹੇ ਜਾ ਰਹੇ ਹਨ। ਸੀ.ਬੀ.ਐਸ. ਨਿਊਜ਼ ਦੀ ਰਿਪੋਰਟ ਮੁਤਾਬਕ ਟਿਮ ਵਾਲਜ਼ ਅਤੇ ਜੈਕਬ ਫਰੇਅ ਵੱਲੋਂ ਆਈਸ ਏਜੰਟਾਂ ਦੀ ਗਿਣਤੀ ਬਾਰੇ ਕੀਤੀਆਂ ਟਿੱਪਣੀਆਂ ਪੜਤਾਲ ਦਾ ਆਧਾਰ ਬਣੀਆਂ। ਟਰੰਪ ਸਰਕਾਰ ਦੀ ਕਾਰਵਾਈ ਬਾਰੇ ਮਿਨੇਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਕਿਹਾ ਕਿ ਦੋ ਦਿਨ ਪਹਿਲਾਂ ਐਲਿਜ਼ਾ ਸਲੋਟਕਿਨ ਵਿਰੁੱਧ ਪੜਤਾਲ ਆਰੰਭੀ ਗਈ ਅਤੇ ਇਕ ਹਫ਼ਤਾ ਪਹਿਲਾਂ ਫੈਡਰਲ ਰਿਜ਼ਰਵ ਦੇ ਜਿਰੋਮ ਪਾਵੈਲ ਦਾ ਨਾਂ ਆ ਰਿਹਾ ਸੀ। ਸਿਰਫ਼ ਇਥੇ ਹੀ ਬੱਸ ਨਹੀਂ ਉਸ ਤੋਂ ਪਹਿਲਾਂ ਮਾਰਕ ਕੈਲੀ ਦਾ ਨਾਂ ਸਾਹਮਣੇ ਆਇਆ ਪਰ ਅਸਲੀਅਤ ਇਹ ਹੈ ਕਿ ਜਸਟਿਸ ਸਿਸਟਮ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਸਿਆਸੀ ਵਿਰੋਧੀਆਂ ਨੂੰ ਚੁੱਪ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ।

# ਗਰੀਨਲੈਂਡ ਮਾਮਲਾ: ਅੱਠ ਯੂਰਪੀ ਦੇਸ਼ਾਂ 'ਤੇ 10 ਫ਼ੀਸਦੀ ਟੈਕਸ

## ਫਰਵਰੀ ਤੋਂ ਲਾਗੂ ਹੋਵੇਗਾ ਟੈਰਿਫ

ਵਾਸ਼ਿੰਗਟਨ, 17 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਕਿਹਾ ਕਿ ਗਰੀਨਲੈਂਡ 'ਤੇ ਅਮਰੀਕਾ ਦੇ ਕੰਟਰੋਲ ਦਾ ਵਿਰੋਧ ਕਰਨ 'ਤੇ ਉਹ ਅੱਠ ਯੂਰਪੀ ਦੇਸ਼ਾਂ ਦੇ ਸਾਮਾਨ 'ਤੇ ਫਰਵਰੀ ਤੋਂ 10 ਪ੍ਰਤੀਸ਼ਤ ਟੈਕਸ ਲਗਾਉਣਗੇ।

ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਡੈਨਮਾਰਕ, ਨਾਰਵੇ, ਸਵੀਡਨ, ਫਰਾਂਸ, ਜਰਮਨੀ, ਯੂਨਾਈਟਿਡ ਕਿੰਗਡਮ, ਨੀਦਰਲੈਂਡ ਅਤੇ ਫਿਨਲੈਂਡ ਨੂੰ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ ਜੋ 1 ਜੂਨ ਨੂੰ ਵਧਾ ਕੇ 25 ਫੀਸਦੀ ਕਰ ਦਿੱਤਾ ਜਾਵੇਗਾ ਜੇਕਰ ਸੰਯੁਕਤ ਰਾਜ ਅਮਰੀਕਾ ਵਲੋਂ ਗ੍ਰੀਨਲੈਂਡ ਮਾਮਲੇ ਦੀ ਯੋਜਨਾ ਸਿਰੇ ਨਹੀਂ ਚੜ੍ਹਦੀ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਨ੍ਹਾਂ ਦੇਸ਼ਾਂ 'ਤੇ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ ਜੋ ਗਰੀਨਲੈਂਡ 'ਤੇ ਅਮਰੀਕੀ ਕੰਟਰੋਲ ਕਾਰਨ ਸਹਿਮਤ ਨਹੀਂ ਸਨ।

ਇਸ ਤੋਂ ਕੁਝ ਦਿਨ ਪਹਿਲਾਂ ਅਮਰੀਕਾ, ਗਰੀਨਲੈਂਡ ਅਤੇ ਡੈਨਮਾਰਕ ਦੇ ਨੁਮਾਇੰਦਿਆਂ ਵਿਚਾਲੇ ਆਰਕਟਿਕ ਟਾਪੂ ਮੁਲਕ ਦੀ ਸੁਰੱਖਿਆ ਬਾਰੇ ਗੱਲਬਾਤ 'ਚ ਕੋਈ ਸਹਿਮਤੀ ਨਾ ਬਣਨ ਮਗਰੋਂ




ਕਈ ਯੂਰੋਪੀਅਨ ਮੁਲਕਾਂ ਦੀਆਂ ਫ਼ੌਜਾਂ ਗਰੀਨਲੈਂਡ ਪਹੁੰਚ ਗਈਆਂ ਸਨ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ ਕਿਹਾ ਸੀ ਕਿ ਉਨ੍ਹਾਂ ਦੇ ਫ਼ੌਜੀ ਪਹਿਲਾਂ ਹੀ ਰਵਾਨਾ ਹੋ ਗਏ ਹਨ ਅਤੇ ਹੋਰ ਜਵਾਨ ਵੀ ਉਥੇ ਭੇਜੇ ਜਾਣਗੇ। ਜਰਮਨੀ ਦੇ ਰੱਖਿਆ ਮੰਤਰਾਲੇ ਨੇ ਕਿਹਾ ਸੀ ਕਿ ਉਨ੍ਹਾਂ ਦੇ ਜਵਾਨਾਂ ਦੀ ਟੀਮ ਗਰੀਨਲੈਂਡ 'ਚ ਤਾਇਨਾਤ ਹੋ ਜਾਵੇਗੀ। ਡੈਨਮਾਰਕ ਨੇ ਐਲਾਨ ਕੀਤਾ ਸੀ ਕਿ ਉਹ ਗਰੀਨਲੈਂਡ 'ਚ ਆਪਣੀ ਫ਼ੌਜੀ ਤਾਕਤ ਵਧਾਏਗਾ।

# ਇੰਡੋਨੇਸ਼ੀਆ: ਲਾਪਤਾ ਨਿਗਰਾਨੀ ਜਹਾਜ਼ ਦਾ ਮਲਬਾ ਲੱਭਾ

## ਜਹਾਜ਼ 'ਤੇ ਸਵਾਰ ਚਾਲਕ ਦਲ ਦੇ 8 ਮੈਂਬਰਾਂ ਤੇ ਤਿੰਨ ਯਾਤਰੀਆਂ ਦੀ ਭਾਲ ਜਾਰੀ

ਜਕਾਰਤਾ, 17 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਇੰਡੋਨੇਸ਼ਿਆਈ ਅਧਿਕਾਰੀਆਂ ਨੇ ਐਤਵਾਰ ਨੂੰ ਕਿਹਾ



ਕਿ ਉਨ੍ਹਾਂ ਨੇ ਦੱਖਣੀ ਸੁਲਾਵੇਸੀ ਸੂਬੇ ਵਿੱਚ ਧੁੰਦ ਨਾਲ ਢਕੇ ਪਹਾੜ ਨੇੜੇ ਲਾਪਤਾ ਹੋਏ ਮੱਛੀ ਪਾਲਣ ਨਿਗਰਾਨੀ ਜਹਾਜ਼ ਦਾ ਮਲਬਾ ਲੱਭ ਲਿਆ ਹੈ। ਹਾਲਾਂਕਿ ਜਹਾਜ਼ ਉੱਤੇ ਸਵਾਰ 11 ਲੋਕਾਂ ਦੀ ਭਾਲ ਅਜੇ ਵੀ ਜਾਰੀ ਹੈ।

ਏਵੀਏਸ਼ਨ ਗਰੁੱਪ ਇੰਡੋਨੇਸ਼ੀਆ ਏਅਰ ਟ੍ਰਾਂਸਪੋਰਟ ਦੀ ਮਲਕੀਅਤ ਵਾਲੇ ATR 42-500 ਟਰਬੋਪ੍ਰੋਪ ਦਾ ਸ਼ਨਿੱਚਰਵਾਰ ਨੂੰ ਸਥਾਨਕ ਸਮੇਂ ਅਨੁਸਾਰ ਦੁਪਹਿਰ 1:30 ਵਜੇ (0530 GMT) ਦੱਖਣੀ ਸੁਲਾਵੇਸੀ ਦੇ ਮਾਰੋਸ ਖੇਤਰ ਨੇੜੇ ਹਵਾਈ ਆਵਾਜਾਈ ਨਿਯੰਤਰਣ ਨਾਲੋਂ ਸੰਪਰਕ ਟੁੱਟ ਗਿਆ ਸੀ। ਜਹਾਜ਼ ਵਿੱਚ ਚਾਲਕ ਦਲ ਦੇ ਅੱਠ ਮੈਂਬਰ ਅਤੇ ਤਿੰਨ ਯਾਤਰੀ ਸਵਾਰ ਸਨ।

ਯਾਤਰੀ ਮੰਤਰਾਲੇ ਦੇ ਸਟਾਫ ਮੈਂਬਰ ਸਨ। ਦੱਖਣੀ ਸੁਲਾਵੇਸੀ ਦੀ ਬਚਾਅ ਏਜੰਸੀ ਦੇ ਮੁਖੀ ਮੁਹੰਮਦ ਆਰਿਫ਼ ਅਨਵਰ ਨੇ ਸਥਾਨਕ ਟੈਲੀਵਿਜ਼ਨ 'ਤੇ ਕਿਹਾ ਕਿ ਮਲਬਾ ਮਿਲਣ ਤੋਂ ਬਾਅਦ ਲਾਪਤਾ ਯਾਤਰੀਆਂ ਅਤੇ ਚਾਲਕ ਦਲ ਦੀ ਭਾਲ ਲਈ 1,200 ਕਰਮਚਾਰੀਆਂ ਤਾਇਨਾਤ ਕੀਤੇ ਜਾਣਗੇ।

ਉਨ੍ਹਾਂ ਕਿਹਾ, ''ਸਾਡੀ ਤਰਜੀਹ ਪੀੜਤਾਂ ਦੀ ਭਾਲ ਕਰਨਾ ਹੈ, ਅਤੇ ਸਾਨੂੰ ਉਮੀਦ ਹੈ ਕਿ ਕੁਝ ਅਜਿਹੇ ਹਨ ਜਿਨ੍ਹਾਂ ਨੂੰ ਅਸੀਂ ਸੁਰੱਖਿਅਤ ਕੱਢ ਸਕਦੇ ਹਾਂ।'' ਜਹਾਜ਼ ਯੋਗਿਆਕਾਰਤਾ ਸੂਬੇ ਤੋਂ ਰਵਾਨਾ ਹੋਣ ਤੋਂ ਬਾਅਦ ਸੰਪਰਕ ਟੁੱਟਣ ਤੋਂ ਪਹਿਲਾਂ ਦੱਖਣੀ ਸੁਲਾਵੇਸੀ ਦੀ ਰਾਜਧਾਨੀ ਮਕਾਸਰ ਜਾ ਰਿਹਾ ਸੀ।

# ਅਮਰੀਕਾ : ਇੰਮੀਗ੍ਰੇਸ਼ਨ ਅਫ਼ਸਰਾਂ ਤੇ ਪ੍ਰਵਾਸੀਆਂ 'ਚ ਗਹਿਗੱਚ ਲੜਾਈ

## ਮਿਨੇਸੋਟਾ ਸੂਬੇ ਦੀ ਰਾਜਧਾਨੀ ਵਿਚ ਮੁੜ ਚੱਲੀਆਂ ਗੋਲੀਆਂ

ਮਿਨੀਆਪੋਲਿਸ, 15 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਇੰਮੀਗ੍ਰੇਸ਼ਨ ਵਾਲਿਆਂ ਅਤੇ ਗੈਰਕਾਨੂੰਨੀ ਪ੍ਰਵਾਸੀਆਂ ਵਿਚਾਲੇ ਦੁਸ਼ਮਣੀ ਦੀ ਅੱਗ ਹੋਰ ਭੜਕ ਉਠੀ ਜਦੋਂ ਛਾਪਾ ਮਾਰਨ ਪੁੱਜੇ ਆਈਸ ਦੇ ਅਫ਼ਸਰਾਂ ਨੇ ਹਮਲਾ ਹੋਣ ਦਾ ਦੋਸ਼ ਲਾਉਂਦਿਆਂ ਗੋਲੀਆਂ ਚਲਾ ਦਿਤੀਆਂ। ਮਿਨੇਸੋਟਾ ਸੂਬੇ ਦੀ ਰਾਜਧਾਨੀ ਵਿਚ ਬੁੱਧਵਾਰ ਦੇਰ ਰਾਤ ਤੱਕ ਹੰਝੂ ਗੈਸ ਦੇ ਗੋਲੇ ਚਲਦੇ ਨਜ਼ਰ ਆਏ ਅਤੇ ਖਾਨਾਜੰਗੀ ਵਰਗੇ ਮਾਹੌਲ ਲਈ ਮਿਨੀਆਪੋਲਿਸ ਦੇ ਮੇਅਰ ਨੇ ਆਈਸ ਏਜੰਟਾਂ ਨੂੰ ਜ਼ਿੰਮੇਵਾਰ ਠਹਿਰਾਇਆ। ਮੇਅਰ ਜੈਕਬ ਫਰੇਅ ਵੱਲੋਂ ਮੁਜ਼ਾਹਰਾਕਾਰੀਆਂ ਨੂੰ ਘਰੋ-ਘਰੀ ਜਾਣ ਦੀ ਅਪੀਲ ਕੀਤੀ ਗਈ ਪਰ ਅੰਤਮ ਰਿਪੋਰਟ ਮਿਲਣ ਤੱਕ ਮਿਨੀਆਪੋਲਿਸ ਦੀਆਂ ਸੜਕਾਂ 'ਤੇ ਹਿੰਸਾ ਜਾਰੀ ਸੀ। ਉਧਰ, ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਨੇ ਦੋਸ਼ ਲਾਇਆ ਕਿ ਤਿੰਨ ਗੈਰਕਾਨੂੰਨੀ ਪ੍ਰਵਾਸੀਆਂ ਨੇ ਉਨ੍ਹਾਂ 'ਤੇ ਹਮਲਾ ਕੀਤਾ ਜਿਸ ਮਗਰੋਂ ਗੋਲੀ ਚਲਾਉਣੀ ਪਈ। ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਦੀ ਤਰਜਮਾਨ ਟ੍ਰਿਸ਼ੀਆ ਮੈਕਲਾਫਲਿਨ ਨੇ ਦਲੀਲ ਦਿਤੀ ਕਿ ਆਈਸ ਏਜੰਟ ਨੇ ਆਪਣੀ ਜਾਨ ਖਤਰੇ ਵਿਚ ਮਹਿਸੂਸ ਕਰਦਿਆਂ ਗੋਲੀ ਚਲਾ ਦਿਤੀ ਜੋ ਗੈਰਕਾਨੂੰਨੀ ਪ੍ਰਵਾਸੀ ਦੀ ਲੱਤ ਵਿਚ ਵੱਜੀ। ਇਕ ਐਂਬੁਲੈਂਸ ਨੂੰ ਇਲਾਕੇ ਵਿਚੋਂ ਜਾਂਦਿਆਂ ਦੇਖਿਆ ਗਿਆ ਅਤੇ ਭੀੜ ਹੋਰ ਵਧਦੀ ਦੇਖ ਸਥਾਨਕ ਪੁਲਿਸ, ਇੰਮੀਗ੍ਰੇਸ਼ਨ



ਵਾਲਿਆਂ ਦੀ ਮਦਦ ਵਾਸਤੇ ਪੁੱਜ ਗਈ। ਮੀਡੀਆ ਰਿਪੋਰਟਾਂ ਮੁਤਾਬਕ ਝਗੜੇ ਦੀ ਸ਼ੁਰੂਆਤ ਉਸ ਵੇਲੇ ਹੋਈ ਜਦੋਂ ਸ਼ਾਮ 7 ਵਜੇ ਇੰਮੀਗ੍ਰੇਸ਼ਨ ਵਾਲਿਆਂ ਨੇ ਨਾਕਾ ਲਾ ਲਿਆ ਅਤੇ ਗੱਡੀਆਂ ਵਿਚ ਜਾ ਰਹੇ ਲੋਕਾਂ ਦਾ ਇੰਮੀਗ੍ਰੇਸ਼ਨ ਸਟੇਟਸ ਚੈੱਕ ਕਰਨ ਲੱਗੇ। ਇਕ ਗੱਡੀ ਵਿਚ ਸਵਾਰ ਗੈਰਕਾਨੂੰਨੀ ਪ੍ਰਵਾਸੀ ਨੂੰ ਰੋਕਿਆ ਗਿਆ ਤਾਂ ਉਸ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਗੱਡੀ ਭਜਾਉਣ ਦਾ ਯਤਨ ਕੀਤਾ ਪਰ ਦੂਜੀ ਗੱਡੀ ਨਾਲ ਟੱਕਰ ਹੋ ਗਈ ਅਤੇ ਉਹ ਪੈਦਲ ਹੀ ਮੌਕੇ ਤੋਂ ਫ਼ਰਾਰ ਹੋ ਗਿਆ। ਆਈਸ ਦੇ ਅਫ਼ਸਰ ਵੀ ਉਸ ਦੇ ਪਿੱਛੇ ਦੌੜੇ ਅਤੇ ਧਰਤੀ 'ਤੇ ਸੁੱਟ ਲਿਆ ਪਰ ਇਸੇ ਦੌਰਾਨ ਦੋ ਜਣੇ ਗੈਰਕਾਨੂੰਨੀ ਪ੍ਰਵਾਸੀ ਦੀ ਮਦਦ ਕਰਨ ਪੁੱਜੇ ਅਤੇ ਬਰਫ਼ ਹਟਾਉਣ ਵਾਲੇ ਸ਼ੌਵਲ ਨਾਲ ਹਮਲਾ ਕਰ ਦਿਤਾ। ਇਸ ਰੌਲੇ-ਗੌਲੇ ਦੌਰਾਨ ਗੈਰਕਾਨੂੰਨੀ ਪ੍ਰਵਾਸੀ ਨੇ ਅਫ਼ਸਰ ਉਤੇ ਵਾਰ ਕਰਨੇ ਸ਼ੁਰੂ ਕਰ ਦਿਤੇ ਅਤੇ ਸਵੈ ਰੱਖਿਆ ਦੌਰਾਨ ਆਈਸ ਏਜੰਟ ਨੇ ਗੋਲੀ ਚਲਾ ਦਿਤੀ। ਦੱਸ ਦੇਈਏ ਕਿ ਮਿਨੀਆਪੋਲਿਸ ਦੀਆਂ ਸੜਕਾਂ 'ਤੇ 2 ਹਜ਼ਾਰ ਤੋਂ ਵੱਧ ਆਈਸ ਏਜੰਟ ਗਸ਼ਤ ਕਰ ਰਹੇ ਹਨ ਅਤੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਫੜ-ਫੜ ਕੇ ਡਿਪੋਰਟ ਕੀਤਾ ਜਾ ਰਿਹਾ ਹੈ। ਪਿਛਲੇ ਪੰਜ ਦਿਨ ਦੌਰਾਨ ਘੱਟੋ ਘੱਟ 60 ਵਿਖਾਵਾਕਾਰੀਆਂ ਵਿਰੁਧ ਆਈਸ ਏਜੰਟਾਂ 'ਤੇ ਹਮਲਾ ਕਰਨ ਦੇ ਦੋਸ਼ ਆਇਦ ਹੋ ਚੁੱਕੇ ਹਨ। ਇਸੇ ਸ਼ਹਿਰ ਵਿਚ ਤਿੰਨ ਬੱਚਿਆਂ ਦੀ ਮਾਂ ਰੈਨੀ ਨਿਕੋਲ ਗੁੱਡ ਨੂੰ ਗੋਲੀ ਮਾਰ ਕੇ ਹਲਾਕ ਕੀਤਾ ਗਿਆ ਜੋ ਛਾਪਿਆਂ ਦਾ ਵਿਰੋਧ ਕਰ ਰਹੀ ਸੀ। ਉਧਰ ਮਿਨੀਆਪੋਲਿਸ ਦੇ ਮੇਅਰ ਜੈਕਬ ਫਰੇਅ ਨੇ ਮੁਜ਼ਾਹਰਾਕਾਰੀਆਂ ਨੂੰ ਗੁਜ਼ਾਰਿਸ਼ ਕੀਤੀ ਹੈ ਕਿ ਤੁਹਾਡੇ ਵਿਖਾਵਿਆਂ ਨਾਲ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਮਦਦ ਨਹੀਂ ਮਿਲਣੀ ਪਰ ਮੇਅਰ ਦੀਆਂ ਅਪੀਲਾਂ ਨੂੰ ਦਰਕਿਨਾਰ ਕਰਦਿਆਂ ਵਿਖਾਵਾਕਾਰੀ, ਆਈਸ ਏਜੰਟਾਂ 'ਤੇ ਬਰਫ਼ ਦੇ ਗੋਲੇ ਸੁੱਟਦੇ ਨਜ਼ਰ ਆਏ ਅਤੇ ਇੰਮੀਗ੍ਰੇਸ਼ਨ ਵਾਲਿਆਂ ਨੂੰ ਨਿਸ਼ਾਨਾ ਬਣਾ ਕੇ ਪਟਾਕੇ ਵੀ ਚਲਾਏ ਜਾ ਰਹੇ ਸਨ।

# ਅਮਰੀਕਾ ਦੇ ਰੁਖ਼ ਕਰ ਕੇ ਕੈਨੇਡਾ ਨੇ ਚੀਨ ਨਾਲ ਹੱਥ ਮਿਲਾਇਆ

ਵਾਸ਼ਿੰਗਟਨ, 17 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਅਣਕਿਆਸੀਆਂ ਅਤੇ ਸਖ਼ਤ ਵਪਾਰਕ ਨੀਤੀਆਂ ਤੋਂ ਤੰਗ ਆ ਕੇ ਅਮਰੀਕਾ ਦੇ ਪ੍ਰਮੁੱਖ ਵਪਾਰਕ ਭਾਈਵਾਲ ਹੁਣ ਨਵੇਂ ਰਸਤੇ ਤਲਾਸ਼ ਰਹੇ ਹਨ। ਸ਼ੁੱਕਰਵਾਰ ਨੂੰ ਕੈਨੇਡਾ ਨੇ ਚੀਨ ਤੋਂ ਆਉਣ ਵਾਲੀਆਂ ਇਲੈਕਟ੍ਰਿਕ ਵਾਹਨਾਂ (ਈ ਵੀ) 'ਤੇ ਲਾਇਆ 100 ਫੀਸਦੀ ਦਰਾਮਦ ਟੈਕਸ ਘਟਾ ਕੇ ਮਹਿਜ਼ 6.1 ਫੀਸਦੀ ਕਰ ਦਿੱਤਾ ਹੈ। ਹਾਲਾਂਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਨੁਸਾਰ ਇਹ ਛੋਟ ਸੀਮਤ ਹੈ। ਇਸ ਤਹਿਤ ਫਿਲਹਾਲ ਸਾਲਾਨਾ 49,000 ਗੱਡੀਆਂ ਹੀ ਮੰਗਵਾਈਆਂ ਜਾ ਸਕਣਗੀਆਂ, ਪਰ ਪੰਜ ਸਾਲਾਂ ਵਿੱਚ ਇਹ ਗਿਣਤੀ ਵਧਾ ਕੇ 70,000 ਕਰ ਦਿੱਤੀ ਜਾਵੇਗੀ। ਇਸ ਬਦਲੇ ਚੀਨ ਨੇ ਕੈਨੇਡਾ ਦੇ ਖੇਤੀ ਉਤਪਾਦਾਂ, ਖਾਸਕਰ ਕੈਨੋਲਾ ਬੀਜਾਂ 'ਤੇ ਲੱਗਣ ਵਾਲੀ ਡਿਊਟੀ 84 ਫੀਸਦੀ ਤੋਂ ਘਟਾ ਕੇ 15 ਫੀਸਦੀ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕਾਰਨੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਸ਼ੁੱਕਰਵਾਰ ਨੂੰ ਪੇਈਚਿੰਗ ਵਿੱਚ ਮੁਲਾਕਾਤ ਦੌਰਾਨ ਸਾਲਾਂ ਦੀ ਕੁੜੱਤਣ ਭੁਲਾ ਕੇ ਆਪਸੀ ਰਿਸ਼ਤੇ ਸੁਧਾਰਨ ਦਾ ਅਹਿਦ ਲਿਆ ਸੀ।

ਮਾਹਿਰਾਂ ਮੁਤਾਬਕ ਕੈਨੇਡਾ ਹੁਣ ਅਮਰੀਕਾ ਦੀ ਬਜਾਏ ਚੀਨ ਨਾਲ ਸਬੰਧ ਸੁਧਾਰਨ ਨੂੰ ਤਰਜੀਹ ਦੇ ਰਿਹਾ ਹੈ, ਹਾਲਾਂਕਿ ਇਸ ਨਾਲ ਅਮਰੀਕਾ ਨਾਰਾਜ਼ ਹੋ ਸਕਦਾ ਹੈ। ਟਰੰਪ ਪਹਿਲਾਂ ਹੀ ਕੈਨੇਡਾ ਦੀਆਂ ਕੁਝ ਨੀਤੀਆਂ ਖਿਲਾਫ਼ ਸਖਤ ਰੁਖ ਅਪਣਾ ਚੁੱਕੇ ਹਨ ਅਤੇ ਸਟੀਲ ਤੇ ਐਲੂਮੀਨੀਅਮ 'ਤੇ ਟੈਰਿਫ ਲਾ ਚੁੱਕੇ ਹਨ।

ਚੀਨ ਨਾਲ ਹੋਇਆ ਸਮਝੌਤਾ ਕੈਨੇਡਾ ਦੇ ਕਿਸਾਨਾਂ ਲਈ ਭਾਵੇਂ ਵਰਦਾਨ ਸਾਬਤ ਹੋ ਸਕਦਾ ਹੈ ਪਰ ਕੈਨੇਡਾ ਦਾ ਆਟੋ ਉਦਯੋਗ ਇਸ ਤੋਂ ਚਿੰਤਤ ਹੈ। ਇਹ ਸਮਝੌਤਾ ਅਮਰੀਕਾ-ਮੈਕਸੀਕੋ-ਕੈਨੇਡਾ ਸਮਝੌਤੇ ਦੀ ਨਵਿਆਉਣ ਪ੍ਰਕਿਰਿਆ ਵਿੱਚ ਵੀ ਅੜਿੱਕਾ ਬਣ ਸਕਦਾ ਹੈ।

ਸਿਰਫ਼ ਕੈਨੇਡਾ ਹੀ ਨਹੀਂ, ਸਗੋਂ ਯੂਰਪੀ ਸੰਘ (ਈ ਯੂ) ਵੀ ਅਮਰੀਕੀ ਬਾਜ਼ਾਰ ਤੋਂ ਨਿਰਭਰਤਾ ਘਟਾਉਣ ਲਈ ਦੱਖਣੀ ਅਮਰੀਕੀ ਦੇਸ਼ਾਂ ਦੇ ਗਰੁੱਪ 'ਮਰਕੋਸੁਰ' ਨਾਲ ਵਪਾਰਕ ਸਮਝੌਤੇ 'ਤੇ ਦਸਤਖਤ ਕਰਨ ਜਾ ਰਿਹਾ ਹੈ। ਇਸ ਗਰੁੱਪ ਵਿੱਚ ਬ੍ਰਾਜ਼ੀਲ ਤੇ ਅਰਜਨਟੀਨਾ ਸ਼ਾਮਲ ਹਨ। ਇਸ ਤੋਂ ਇਲਾਵਾ ਭਾਰਤ ਨਾਲ ਵੀ ਗੱਲਬਾਤ ਜਾਰੀ ਹੈ। ਚੀਨ ਨੇ ਵੀ ਅਮਰੀਕੀ ਟੈਰਿਫਾਂ ਦੀ ਮਾਰ ਤੋਂ ਬਚਣ ਲਈ ਆਪਣਾ ਵਪਾਰ ਯੂਰਪ ਅਤੇ ਦੱਖਣ-ਪੂਰਬੀ ਏਸ਼ੀਆ ਵੱਲ ਮੋੜ ਲਿਆ ਹੈ, ਜਿਸ ਨਾਲ ਉਸ ਦਾ ਵਪਾਰ ਸਰਪਲੱਸ ਰਿਕਾਰਡ 1.2 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ।





# ਅਮਰੀਕੀ ਰਾਸ਼ਟਰਪਤੀ ਟਰੰਪ ਧਮਕੀਆਂ ਦੇਣਾ ਜਾਰੀ

# ਈਰਾਨ 'ਤੇ ਹਮਲੇ ਦੀਆਂ ਤਿਆਰੀਆਂ ਸ਼ੁਰੂ

## ਸਾਊਦੀ ਅਰਬ, ਤੁਰਕੀ ਅਤੇ ਕਤਰ ਵਰਗੇ ਦੇਸ਼ ਈਰਾਨ ਦਾ ਸਮਰਥਨ ਕਰਦੇ ਹਨ। ਅਮਰੀਕੀ ਦਖਲਅੰਦਾਜ਼ੀ ਤੇਜ਼ੀ ਨਾਲ ਸਥਿਤੀ ਨੂੰ ਬਦਲਦੀ ਹੈ।

ਵਾਸ਼ਿੰਗਟਨ,-ਈਰਾਨ ਅਤੇ ਅਮਰੀਕਾ ਵਿਚਕਾਰ ਤਣਾਅ ਇੱਕ ਖ਼ਤਰਨਾਕ ਮੋੜ 'ਤੇ ਪਹੁੰਚਦਾ ਜਾਪਦਾ ਹੈ। ਈਰਾਨ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ 'ਤੇ ਚੱਲ ਰਹੇ ਹਿੰਸਕ ਕਰੈਕਡਾਊਨ ਅਤੇ ਅਮਰੀਕੀ ਦਖਲਅੰਦਾਜ਼ੀ ਦੀ ਸੰਭਾਵਨਾ ਕਾਰਨ ਸਥਿਤੀ ਤੇਜ਼ੀ ਨਾਲ ਵਿਗੜ ਰਹੀ ਹੈ। ਇਸ ਦੌਰਾਨ, ਈਰਾਨ ਨੇ ਅਮਰੀਕਾ ਅਤੇ ਉਸਦੇ ਸਹਿਯੋਗੀਆਂ ਨੂੰ ਇੱਕ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ, ਜਿਸ ਨਾਲ ਕਤਰ ਵਿੱਚ ਅਮਰੀਕਾ ਦੇ ਸਭ ਤੋਂ ਵੱਡੇ ਫੌਜੀ ਏਅਰਬੇਸ ਤੋਂ ਕੁਝ ਕਰਮਚਾਰੀਆਂ ਨੂੰ ਵਾਪਸ ਬੁਲਾਇਆ ਗਿਆ ਹੈ।

ਖਬਰ ਏਜੰਸੀ ਅਨੁਸਾਰ, ਇੱਕ ਸੀਨੀਅਰ ਈਰਾਨੀ ਅਧਿਕਾਰੀ ਨੇ ਕਿਹਾ ਕਿ ਜੇਕਰ ਵਾਸ਼ਿੰਗਟਨ ਈਰਾਨ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਸਮਰਥਨ ਵਿੱਚ ਫੌਜੀ ਦਖਲ ਦਿੰਦਾ ਹੈ, ਤਾਂ ਖੇਤਰ ਵਿੱਚ ਅਮਰੀਕੀ ਠਿਕਾਣਿਆਂ ਵਿਰੁੱਧ ਜਵਾਬੀ ਕਾਰਵਾਈ ਕੀਤੀ ਜਾਵੇਗੀ। ਈਰਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਸਾਊਦੀ ਅਰਬ, ਯੂਏਈ, ਤੁਰਕੀ ਅਤੇ ਕਤਰ ਵਰਗੇ ਦੇਸ਼ਾਂ ਵਿੱਚ ਅਮਰੀਕੀ ਫੌਜੀ ਠਿਕਾਣੇ ਵੀ ਪ੍ਰਭਾਵਿਤ ਹੋਣਗੇ। ਤਿੰਨ ਕੂਟਨੀਤਕ ਸੂਤਰਾਂ ਦੇ ਅਨੁਸਾਰ, ਕਤਰ ਵਿੱਚ ਅਮਰੀਕੀ ਅਲ-ਉਦੀਦ ਏਅਰਬੇਸ ਤੋਂ ਕੁਝ ਫੌਜੀ ਅਤੇ ਨਾਗਰਿਕ ਕਰਮਚਾਰੀਆਂ ਨੂੰ ਬੁੱਧਵਾਰ ਸ਼ਾਮ ਤੱਕ ਵਾਪਸ ਜਾਣ ਦੀ ਸਲਾਹ ਦਿੱਤੀ ਗਈ ਹੈ। ਹਾਲਾਂਕਿ, ਇਹ ਇੱਕ ਪੂਰੀ ਤਰ੍ਹਾਂ "ਨਿਕਾਸੀ ਆਦੇਸ਼" ਨਹੀਂ ਹੈ, ਸਗੋਂ ਇੱਕ "ਮੁਹਾਵਰਾ ਤਬਦੀਲੀ" ਹੈ, ਜਿਸਦਾ ਅਰਥ ਹੈ ਚੇਤਾਵਨੀ ਦੇ ਪੱਧਰ ਵਿੱਚ ਤਬਦੀਲੀ। ਅਜੇ ਤੱਕ ਵੱਡੇ ਪੱਧਰ 'ਤੇ ਫੌਜਾਂ ਦੀ ਵਾਪਸੀ ਦੇ ਕੋਈ ਸੰਕੇਤ ਨਹੀਂ ਹਨ, ਜਿਵੇਂ ਕਿ ਪਿਛਲੇ ਸਾਲ ਈਰਾਨ ਦੇ ਮਿਜ਼ਾਈਲ ਹਮਲੇ ਤੋਂ ਪਹਿਲਾਂ ਦੇਖਿਆ ਗਿਆ ਸੀ। ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਈਰਾਨ ਨੂੰ ਧਮਕੀ ਦਿੰਦੇ ਰਹਿੰਦੇ ਹਨ।

ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਜੇਕਰ ਈਰਾਨ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਫਾਂਸੀ ਦਿੱਤੀ ਜਾਂਦੀ ਹੈ ਜਾਂ ਹਿੰਸਾ ਜਾਰੀ ਰਹਿੰਦੀ ਹੈ, ਤਾਂ ਅਮਰੀਕਾ "ਬਹੁਤ ਸਖ਼ਤ ਕਾਰਵਾਈ" ਕਰੇਗਾ। ਇੱਕ ਟੀਵੀ ਇੰਟਰਵਿਊ ਵਿੱਚ, ਟਰੰਪ ਨੇ ਕਿਹਾ, "ਜੇ ਉਹ ਲੋਕਾਂ ਨੂੰ ਫਾਂਸੀ ਦਿੰਦੇ ਹਨ, ਤਾਂ ਤੁਸੀਂ ਕੁਝ ਅਜਿਹਾ ਦੇਖੋਗੇ ਜਿਸਦੀ ਉਨ੍ਹਾਂ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਸੀ।" ਟਰੰਪ ਨੇ ਈਰਾਨੀਆਂ ਨੂੰ ਸੜਕਾਂ 'ਤੇ ਰਹਿਣ ਅਤੇ ਸੰਸਥਾਵਾਂ 'ਤੇ ਕਬਜ਼ਾ ਕਰਨ ਦੀ ਅਪੀਲ ਵੀ ਕੀਤੀ ਹੈ, ਇਹ ਕਹਿੰਦੇ ਹੋਏ ਕਿ "ਮਦਦ ਰਸਤੇ ਵਿੱਚ ਹੈ।"

ਮਨੁੱਖੀ ਅਧਿਕਾਰ ਸੰਗਠਨਾਂ ਦੇ ਅਨੁਸਾਰ, ਈਰਾਨ ਵਿੱਚ ਹਾਲ ਹੀ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਹੁਣ ਤੱਕ ਲਗਭਗ 2,600 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਨੂੰ ਕਈ ਸਾਲਾਂ ਵਿੱਚ ਇਸਲਾਮੀ ਸ਼ਾਸਨ ਵਿਰੁੱਧ ਸਭ ਤੋਂ ਵੱਡਾ ਵਿਰੋਧ ਪ੍ਰਦਰਸ਼ਨ ਮੰਨਿਆ ਜਾਂਦਾ ਹੈ। ਇੱਕ ਇਜ਼ਰਾਈਲੀ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਨੇ ਦਖਲ ਦੇਣ ਦਾ ਫੈਸਲਾ ਕੀਤਾ ਹੈ, ਹਾਲਾਂਕਿ ਸਮਾਂ ਸੀਮਾ ਅਤੇ ਦਾਇਰਾ ਅਜੇ ਸਪੱਸ਼ਟ ਨਹੀਂ ਹੈ। ਇਸ ਦੌਰਾਨ, ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਅਤੇ ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਵਿਚਕਾਰ ਸਿੱਧੀ ਗੱਲਬਾਤ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਹੈ, ਜਿਸ ਨਾਲ ਤਣਾਅ ਹੋਰ ਵਧ ਗਿਆ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਸੁਰੱਖਿਆ ਮੰਤਰੀ ਮੰਡਲ ਨੂੰ ਵੀ ਸਥਿਤੀ ਦੀ ਗੰਭੀਰਤਾ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਪਿਛਲੇ ਸਾਲ, ਅਮਰੀਕਾ ਨੇ ਈਰਾਨ ਅਤੇ ਇਜ਼ਰਾਈਲ ਵਿਚਕਾਰ 12 ਦਿਨਾਂ ਦੀ ਜੰਗ ਵਿੱਚ ਵੀ ਹਿੱਸਾ ਲਿਆ ਸੀ।

ਭਾਰਤੀਆਂ ਨੂੰ ਵਾਪਸ ਜਾਣ ਦੀ ਸਲਾਹ ਈਰਾਨ ਵਿੱਚ ਚੱਲ ਰਹੀ ਰਾਜਨੀਤਿਕ ਅਸਥਿਰਤਾ, ਹਿੰਸਕ ਵਿਰੋਧ ਪ੍ਰਦਰਸ਼ਨਾਂ ਅਤੇ ਸੁਰੱਖਿਆ ਸਥਿਤੀ ਦੇ ਮੱਦੇਨਜ਼ਰ, ਭਾਰਤ ਸਰਕਾਰ ਨੇ ਆਪਣੇ ਨਾਗਰਿਕਾਂ ਲਈ ਇੱਕ ਸਲਾਹ ਜਾਰੀ ਕੀਤੀ ਹੈ। ਤਹਿਰਾਨ ਵਿੱਚ ਭਾਰਤੀ ਦੂਤਾਵਾਸ ਨੇ ਈਰਾਨ ਵਿੱਚ ਮੌਜੂਦ ਸਾਰੇ ਭਾਰਤੀ ਨਾਗਰਿਕਾਂ - ਚਾਹੇ ਵਿਦਿਆਰਥੀ, ਸ਼ਰਧਾਲੂ, ਕਾਰੋਬਾਰੀ ਜਾਂ ਸੈਲਾਨੀ - ਨੂੰ ਉਪਲਬਧ ਸਾਧਨਾਂ ਦੀ ਵਰਤੋਂ ਕਰਕੇ ਜਲਦੀ ਤੋਂ ਜਲਦੀ ਦੇਸ਼ ਛੱਡਣ ਦੀ ਅਪੀਲ ਕੀਤੀ ਹੈ।

ਦੂਤਾਵਾਸ ਦੁਆਰਾ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਸਲਾਹ 5 ਜਨਵਰੀ, 2025 ਨੂੰ ਭਾਰਤ ਸਰਕਾਰ ਦੁਆਰਾ ਜਾਰੀ ਕੀਤੀ ਗਈ ਸਲਾਹ ਦਾ ਵਿਸਥਾਰ ਹੈ। ਸਲਾਹ ਵਿੱਚ ਕਿਹਾ ਗਿਆ ਹੈ, "ਈਰਾਨ ਵਿੱਚ ਲਗਾਤਾਰ ਵਿਕਸਤ ਹੋ ਰਹੀ ਸਥਿਤੀ ਦੇ ਮੱਦੇਨਜ਼ਰ, ਭਾਰਤੀ ਨਾਗਰਿਕਾਂ ਨੂੰ ਵਪਾਰਕ ਉਡਾਣਾਂ ਸਮੇਤ ਕਿਸੇ ਵੀ ਉਪਲਬਧ ਆਵਾਜਾਈ ਦੇ ਢੰਗ ਦੁਆਰਾ ਈਰਾਨ ਛੱਡਣ ਦੀ ਸਲਾਹ ਦਿੱਤੀ ਜਾਂਦੀ ਹੈ।"

ਭਾਰਤੀ ਦੂਤਾਵਾਸ ਨੇ ਇਹ ਵੀ ਦੁਹਰਾਇਆ ਕਿ ਈਰਾਨ ਵਿੱਚ ਸਾਰੇ ਭਾਰਤੀ ਨਾਗਰਿਕਾਂ ਅਤੇ ਪੀਆਈਓਜ਼ ਨੂੰ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ, ਕਿਸੇ ਵੀ ਵਿਰੋਧ ਪ੍ਰਦਰਸ਼ਨ ਜਾਂ ਭੀੜ-ਭੜੱਕੇ ਵਾਲੇ ਖੇਤਰਾਂ ਤੋਂ ਬਚਣਾ ਚਾਹੀਦਾ ਹੈ, ਅਤੇ ਸਥਿਤੀ ਬਾਰੇ ਨਵੀਨਤਮ ਅਪਡੇਟਸ ਲਈ ਸਥਾਨਕ ਮੀਡੀਆ ਦੀ ਨਿਗਰਾਨੀ ਕਰਨੀ ਚਾਹੀਦੀ ਹੈ।

ਦੂਤਾਵਾਸ ਨੇ ਭਾਰਤੀ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਸਾਰੇ ਯਾਤਰਾ ਅਤੇ ਇਮੀਗ੍ਰੇਸ਼ਨ ਦਸਤਾਵੇਜ਼ - ਜਿਵੇਂ ਕਿ ਪਾਸਪੋਰਟ ਅਤੇ ਪਛਾਣ ਪੱਤਰ - ਹਮੇਸ਼ਾ ਆਪਣੇ ਕੋਲ ਰੱਖਣ ਅਤੇ ਆਸਾਨੀ ਨਾਲ ਉਪਲਬਧ ਹੋਣ। ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਉਨ੍ਹਾਂ ਨੂੰ ਕਿਸੇ ਸਹਾਇਤਾ ਦੀ ਲੋੜ ਹੋਵੇ ਤਾਂ ਤੁਰੰਤ ਭਾਰਤੀ ਦੂਤਾਵਾਸ ਨਾਲ ਸੰਪਰਕ ਕਰਨ।

ਭਾਰਤੀ ਦੂਤਾਵਾਸ ਨੇ ਐਮਰਜੈਂਸੀ ਨੰਬਰ ਵੀ ਜਾਰੀ ਕੀਤੇ ਹਨ। ਦੂਤਾਵਾਸ ਦੇ ਅਨੁਸਾਰ, ਭਾਰਤੀ ਨਾਗਰਿਕ ਹੇਠ ਲਿਖੇ ਮੋਬਾਈਲ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ: +989128109115, +989128109109, +989128109102, ਅਤੇ +98932179359। ਹਾਲ ਹੀ ਦੇ ਦਿਨਾਂ ਵਿੱਚ, ਈਰਾਨ ਵਿੱਚ ਵਿਆਪਕ ਵਿਰੋਧ ਪ੍ਰਦਰਸ਼ਨਾਂ, ਹਿੰਸਾ ਅਤੇ ਸੁਰੱਖਿਆ ਕਾਰਵਾਈਆਂ ਦੀਆਂ ਰਿਪੋਰਟਾਂ ਆਈਆਂ ਹਨ, ਜਿਸ ਨਾਲ ਵਿਦੇਸ਼ੀ ਨਾਗਰਿਕਾਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਵਧੀਆਂ ਹਨ। ਇਸ ਦੌਰਾਨ, ਸੰਯੁਕਤ ਰਾਜ ਅਮਰੀਕਾ ਈਰਾਨ ਵਿਰੁੱਧ ਫੌਜੀ ਕਾਰਵਾਈ ਦੀ ਧਮਕੀ ਦਿੰਦਾ ਰਹਿੰਦਾ ਹੈ।

# ਗੋਲਗੱਪੇ ਖਾਣਾ ਮਹਿੰਗਾ ਹੋਇਆ ਸਾਬਤ

## ਪਾਕਿਸਤਾਨੀ ਔਰਤ ਨੂੰ ਜਬਾੜੇ ਦੀ ਕਰਵਾਉਣੀ ਪਈ ਸਰਜਰੀ

**ਅਬੀਹਾ ਨਾਮ ਦੀ ਇੱਕ ਔਰਤ ਨੇ ਦੱਸਿਆ ਕਿ ਗੋਲਗੱਪੇ ਖਾਂਦੇ ਸਮੇਂ ਉਸਦਾ ਜਬਾੜਾ ਅਚਾਨਕ ਜਾਮ ਹੋ ਗਿਆ। ਉਸਨੇ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ ਕਿਉਂਕਿ ਉਸਨੂੰ ਉਸ ਸਮੇਂ ਕੋਈ ਦਰਦ ਮਹਿਸੂਸ ਨਹੀਂ ਹੋਇਆ। ਬਾਅਦ ਵਿੱਚ, ਉਸਨੂੰ ਆਪਣਾ ਜਬਾੜਾ ਖੋਲ੍ਹਣ ਅਤੇ ਬੰਦ ਕਰਨ ਵਿੱਚ ਮੁਸ਼ਕਲ ਆਈ ਅਤੇ ਫਟਣ ਦੀਆਂ ਆਵਾਜ਼ਾਂ ਆਉਣ ਲੱਗੀਆਂ।**



ਇੱਕ ਪਾਕਿਸਤਾਨੀ ਔਰਤ ਗੋਲਗੱਪੇ ਖਾਂਦੇ ਸਮੇਂ ਵਾਪਰੀ ਇੱਕ ਛੋਟੀ ਜਿਹੀ ਘਟਨਾ ਹੁਣ ਇੱਕ ਵੱਡੀ ਸਿਹਤ ਸਮੱਸਿਆ ਬਣ ਗਈ ਹੈ। ਇਹ ਘਟਨਾ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

ਅਬੀਹਾ ਨਾਮ ਦੀ ਇਸ ਔਰਤ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਸਾਂਝਾ ਕੀਤਾ ਕਿ 2019 ਵਿੱਚ ਗੋਲਗੱਪੇ ਖਾਂਦੇ ਸਮੇਂ ਉਸਦਾ ਜਬਾੜਾ ਅਚਾਨਕ ਜਾਮ ਹੋ ਗਿਆ। ਉਹ ਉਸ ਸਮੇਂ ਆਪਣਾ ਮੂੰਹ ਬੰਦ ਕਰਨ ਦੇ ਯੋਗ ਸੀ, ਪਰ ਉਦੋਂ ਤੋਂ, ਉਸਨੂੰ ਆਪਣੇ ਜਬਾੜੇ ਵਿੱਚ ਸਮੱਸਿਆਵਾਂ ਆ ਰਹੀਆਂ ਹਨ। ਪਾਕਿਸਤਾਨ ਦੀ ਇੱਕ ਔਰਤ ਅਬੀਹਾ ਨੇ ਦੱਸਿਆ ਕਿ 2019 ਵਿੱਚ ਗੋਲਗੱਪੇ ਖਾਂਦੇ ਸਮੇਂ ਉਸਦਾ ਜਬਾੜਾ ਅਚਾਨਕ ਜਾਮ ਹੋ ਗਿਆ। ਕਿਉਂਕਿ ਉਸ ਸਮੇਂ ਉਸਨੂੰ ਕੋਈ ਦਰਦ ਨਹੀਂ ਹੋ ਰਿਹਾ ਸੀ, ਇਸ ਲਈ ਉਸਨੇ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ।

ਪਰ ਸਮੇਂ ਦੇ ਨਾਲ, ਉਸਨੂੰ ਆਪਣੇ ਜਬਾੜੇ ਨੂੰ ਖੋਲ੍ਹਣ ਅਤੇ ਬੰਦ ਕਰਨ ਵਿੱਚ ਮੁਸ਼ਕਲ ਆਉਣ ਲੱਗੀ ਅਤੇ ਇੱਕ ਫਟਣ ਵਾਲੀ ਆਵਾਜ਼ ਆਉਣ ਲੱਗੀ। ਕਿਉਂਕਿ ਉਸਨੂੰ ਕੋਈ ਦਰਦ ਨਹੀਂ ਹੋ ਰਿਹਾ ਸੀ, ਉਸਨੇ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਕਦੇ ਵੀ ਡਾਕਟਰ ਕੋਲ ਨਹੀਂ ਗਈ। ਪਰ ਜਦੋਂ ਉਹ ਛੇ ਸਾਲ ਬਾਅਦ ਡਾਕਟਰ ਕੋਲ ਗਈ, ਤਾਂ ਉਹ ਹੈਰਾਨ ਰਹਿ ਗਈ। ਡਾਕਟਰਾਂ ਨੇ ਉਸਨੂੰ ਦੱਸਿਆ ਕਿ ਇਸ ਸਮੱਸਿਆ ਦਾ ਇੱਕੋ ਇੱਕ ਇਲਾਜ ਸਰਜਰੀ ਹੈ।

ਉਹ ਇਸ ਤੋਂ ਬਹੁਤ ਦੁਖੀ ਸੀ ਅਤੇ ਸੋਸ਼ਲ ਮੀਡੀਆ 'ਤੇ ਆਪਣੀ ਦੁਰਦਸ਼ਾ ਸਾਂਝੀ ਕੀਤੀ। ਛੇ ਸਾਲ ਬਾਅਦ, ਜਦੋਂ ਉਹ ਡਾਕਟਰ ਕੋਲ ਗਈ, ਤਾਂ ਉਸਨੂੰ ਪਤਾ ਲੱਗਾ ਕਿ ਸਰਜਰੀ ਹੀ ਇੱਕੋ ਇੱਕ ਇਲਾਜ ਹੈ। ਜਿਵੇਂ ਹੀ ਇਹ ਪੋਸਟ ਵਾਇਰਲ ਹੋਈ, ਬਹੁਤ ਸਾਰੇ ਲੋਕਾਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਗੋਲਗੱਪਾ ਵਰਗੀ ਸਧਾਰਨ ਚੀਜ਼ ਨਾਲ ਸ਼ੁਰੂ ਹੋਈ ਸਮੱਸਿਆ ਸਰਜਰੀ ਦਾ ਕਾਰਨ ਬਣ ਗਈ ਸੀ। ਬਹੁਤ ਸਾਰੇ ਉਪਭੋਗਤਾਵਾਂ ਨੇ ਸੁਝਾਅ ਦਿੱਤਾ ਕਿ ਸਮੱਸਿਆ TMJ (ਜਬਾੜੇ ਦੇ ਜੋੜ ਨਾਲ ਸਬੰਧਤ ਇੱਕ ਵਿਕਾਰ) ਹੋ ਸਕਦੀ ਹੈ। ਕਈਆਂ ਨੇ ਗੋਲਗੱਪਾ ਨਾਲ ਸਬੰਧਤ ਆਪਣੇ ਡਰਾਉਣੇ ਅਨੁਭਵ ਵੀ ਸਾਂਝੇ ਕੀਤੇ। ਇੱਕ ਨੇ ਕਿਹਾ ਕਿ ਗੋਲਗੱਪਾ ਉਸਦੇ ਗਲੇ ਵਿੱਚ ਫਸ ਗਿਆ, ਜਦੋਂ ਕਿ ਦੂਜੇ ਨੇ ਕਿਹਾ ਕਿ ਉਹ ਦੁਬਾਰਾ ਕਦੇ ਗੋਲਗੱਪਾ ਨਹੀਂ ਖਾਵੇਗੀ।

ਇਸ ਦੌਰਾਨ, ਕੁਝ ਉਪਭੋਗਤਾਵਾਂ ਨੇ ਸਲਾਹ ਦਿੱਤੀ ਕਿ TMJ ਸਮੱਸਿਆਵਾਂ ਲਈ ਹਮੇਸ਼ਾ ਸਰਜਰੀ ਦੀ ਲੋੜ ਨਹੀਂ ਹੁੰਦੀ; ਬਹੁਤ ਸਾਰੇ ਮਾਮਲਿਆਂ ਵਿੱਚ, ਫਿਜ਼ੀਓਥੈਰੇਪੀ ਅਤੇ ਹੋਰ ਇਲਾਜਾਂ ਵਿੱਚ ਸੁਧਾਰ ਹੋ ਸਕਦਾ ਹੈ। ਉਨ੍ਹਾਂ ਨੇ ਔਰਤ ਨੂੰ ਕਿਸੇ ਹੋਰ ਡਾਕਟਰ ਨਾਲ ਸਲਾਹ ਕਰਨ ਦੀ ਵੀ ਸਲਾਹ ਦਿੱਤੀ।

# ਜਰਮਨ ਰੇਲਗੱਡੀਆਂ ਵਿੱਚ ਭਿਖਾਰੀਆਂ ਦੀ ਭਰਮਾਰ



ਇਨ੍ਹੀਂ ਦਿਨੀਂ, ਦੂਜੇ ਦੇਸ਼ਾਂ ਦੀ ਝਲਕ ਅਤੇ ਸੱਚਾਈ ਦਿਖਾਉਣ ਦਾ ਦਾਅਵਾ ਕਰਨ ਵਾਲੇ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੇ ਹਨ। ਲੱਖਾਂ ਲੋਕ ਜਿਨ੍ਹਾਂ ਨੇ ਕਦੇ ਆਪਣੇ ਦੇਸ਼ ਤੋਂ ਬਾਹਰ ਯਾਤਰਾ ਨਹੀਂ ਕੀਤੀ, ਆਪਣੇ ਸ਼ਹਿਰ ਜਾਂ ਰਾਜ ਦੀ ਗੱਲ ਤਾਂ ਦੂਰ, ਉਸ ਦੇਸ਼ ਦੀ ਸੱਭਿਆਚਾਰ ਅਤੇ ਅਸਲੀਅਤ ਨੂੰ ਦੇਖਣ ਲਈ ਉਤਸੁਕ ਹਨ। ਹਰ ਰੋਜ਼, ਇੱਕ ਵੀਡੀਓ ਵਾਇਰਲ ਹੁੰਦਾ ਹੈ, ਜੋ ਇੱਕ ਅਮੀਰ ਦੇਸ਼ ਵਿੱਚ ਗਰੀਬ ਦੇਸ਼ਾਂ ਵਿੱਚ ਆਮ ਤੌਰ 'ਤੇ ਆਮ ਤੌਰ 'ਤੇ ਪਾਈਆਂ ਜਾਂਦੀਆਂ ਗੰਦਗੀ, ਨਸ਼ਿਆਂ ਦੇ ਢੇਰ, ਬੇਘਰਤਾ ਅਤੇ ਹੋਰ ਕਮੀਆਂ ਨੂੰ ਉਜਾਗਰ ਕਰਦਾ ਹੈ।

ਏਸ਼ੀਅਨ ਅਤੇ ਅਫਰੀਕੀ ਦੇਸ਼ਾਂ ਦੇ ਲੋਕ ਆਮ ਤੌਰ 'ਤੇ ਮੰਨਦੇ ਹਨ ਕਿ ਅਮਰੀਕਾ ਅਤੇ ਯੂਰਪੀਅਨ ਦੇਸ਼ਾਂ ਵਿੱਚ ਵਿਕਾਸਸ਼ੀਲ ਦੇਸ਼ਾਂ ਵਿੱਚ ਆਮ ਕਮੀਆਂ ਦੀ ਘਾਟ ਹੈ। ਸੜਕਾਂ ਦੇ ਕਿਨਾਰੇ ਭੀਖ ਮੰਗਣ ਵਾਲੇ ਲੋਕਾਂ ਦੀ ਭੀੜ ਭਾਰਤੀ ਰੇਲਗੱਡੀਆਂ ਵਿੱਚ ਆਮ ਹੈ। ਇਸ ਲਈ, ਜਦੋਂ ਲੋਕ ਇਹ ਦਰਸਾਉਂਦੇ ਵੀਡੀਓ ਦੇਖਦੇ ਹਨ ਕਿ ਇਹ ਚੀਜ਼ਾਂ ਇੰਗਲੈਂਡ ਜਾਂ ਜਰਮਨੀ ਵਿੱਚ ਵੀ ਆਮ ਹਨ, ਤਾਂ ਉਹ ਉਨ੍ਹਾਂ ਵੱਲ ਖਿੱਚੇ ਜਾਂਦੇ ਹਨ। ਇਨ੍ਹੀਂ ਦਿਨੀਂ ਇੱਕ ਅਜਿਹਾ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਇੱਕ ਭਾਰਤੀ ਵਿਅਕਤੀ ਨੇ ਜਰਮਨ ਰੇਲਗੱਡੀਆਂ ਵਿੱਚ ਭੀਖ ਮੰਗਣ ਵਾਲੇ ਲੋਕਾਂ ਦੀ ਭੀੜ ਦਿਖਾਈ ਹੈ।

@rahulmahajan.x ਹੈਂਡਲ ਦੁਆਰਾ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇੱਕ ਵੀਡੀਓ ਸਾਂਝਾ ਕੀਤਾ ਗਿਆ ਹੈ। ਇਸ ਦੇ ਕੈਪਸ਼ਨ ਵਿੱਚ ਲਿਖਿਆ ਹੈ, "ਅਮੀਰ ਦੇਸ਼ਾਂ ਦੇ ਗਰੀਬ ਭਿਖਾਰੀ। ਦੇਖੋ, ਜਰਮਨੀ ਵਿੱਚ ਹਰ ਜਗ੍ਹਾ ਬੇਘਰ ਲੋਕ ਅਤੇ ਭਿਖਾਰੀ ਹਨ।" ਵੀਡੀਓ ਬਰਲਿਨ ਦੀ ਇੱਕ ਸਥਾਨਕ ਰੇਲਗੱਡੀ ਦਾ ਦਾਅਵਾ ਕਰਦਾ ਹੈ। ਅੰਦਰ, ਵ੍ਹੀਲਚੇਅਰਾਂ 'ਤੇ ਕੁਝ ਲੋਕ ਯਾਤਰੀਆਂ ਤੋਂ ਪੈਸੇ ਮੰਗਦੇ ਦਿਖਾਈ ਦੇ ਰਹੇ ਹਨ। ਸਮੱਗਰੀ ਬਣਾਉਣ ਵਾਲਾ ਦਾਅਵਾ ਕਰਦਾ ਹੈ ਕਿ ਇਹ ਸੱਚ ਹੈ।

ਕਿਹਾ ਜਾਂਦਾ ਹੈ ਕਿ ਹਰ ਪੰਜ ਮਿੰਟਾਂ ਵਿੱਚ ਇੱਕ ਭਿਖਾਰੀ ਉੱਥੇ ਰੇਲਗੱਡੀਆਂ ਵਿੱਚ ਆਉਂਦਾ ਹੈ। ਤਾਂ, ਲੋਕ ਕਿਵੇਂ ਕਹਿ ਸਕਦੇ ਹਨ ਕਿ ਭਾਰਤ ਭਿਖਾਰੀਆਂ ਅਤੇ ਗੰਦਗੀ ਨਾਲ ਭਰਿਆ ਹੋਇਆ ਹੈ? ਜਰਮਨੀ ਵਰਗੇ ਅਮੀਰ ਦੇਸ਼ਾਂ ਵਿੱਚ ਵੀ ਸਥਿਤੀ ਅਜਿਹੀ ਹੀ ਹੈ। ਲੋਕਾਂ ਨੇ ਵੀਡੀਓ 'ਤੇ ਕਈ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਹਨ। ਇੱਕ ਉਪਭੋਗਤਾ ਨੇ ਲਿਖਿਆ ਕਿ ਇਹ ਇੱਕ ਵਿਆਪਕ ਸਮੱਸਿਆ ਹੈ। ਇੱਕ ਹੋਰ ਉਪਭੋਗਤਾ ਨੇ ਲਿਖਿਆ, "ਸ਼ਾਨਦਾਰ ਕੰਮ, ਸੱਚਾਈ ਦਿਖਾਉਣ ਲਈ ਹੋਰ ਵੀਡੀਓ ਬਣਾਓ।

# ਈਮਾਨ, ਮੁਸਲਮਾਨ, ਈਰਾਨ

**ਕਬੂਲ ਅਹਿਮਦ**

1979 ਦੀ ਇਸਲਾਮੀ ਕ੍ਰਾਂਤੀ ਤੋਂ ਬਾਅਦ ਈਰਾਨ ਦੇ ਸ਼ਾਸਕ ਆਪਣੀ ਸਭ ਤੋਂ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਭਾਰੀ ਦਮਨ ਦੇ ਬਾਵਜੂਦ, ਦੇਸ਼ ਭਰ ਦੇ ਸੌ ਤੋਂ ਵੱਧ ਸ਼ਹਿਰਾਂ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨ ਜਾਰੀ ਹਨ, ਸ਼ਾਸਨ ਵਿੱਚ ਤਬਦੀਲੀ ਦੀ ਮੰਗ ਕਰਦੇ ਹੋਏ, ਇੱਕ ਸ਼ਾਸਨ ਜੋ ਇਸਲਾਮ ਦੀ ਸੱਚੀ ਭਾਵਨਾ ਦੁਆਰਾ ਸ਼ਾਸਨ ਕਰਨ ਦਾ ਦਾਅਵਾ ਕਰਦਾ ਹੈ। ਈਰਾਨ ਦੁਨੀਆ ਦਾ ਇਕਲੌਤਾ ਇਸਲਾਮੀ ਦੇਸ਼ ਨਹੀਂ ਹੈ, ਸਗੋਂ ਕਈਆਂ ਵਿੱਚੋਂ ਇੱਕ ਹੈ। ਸਵਾਲ ਉੱਠਦਾ ਹੈ: ਈਰਾਨ ਵਿੱਚ ਅਜਿਹਾ ਕੀ ਹੈ ਜੋ ਇਸਨੂੰ ਇਸਲਾਮੀ ਆਦਰਸ਼ਾਂ ਦਾ ਸੱਚਾ ਪੈਰੋਕਾਰ ਹੋਣ ਦਾ ਦਾਅਵਾ ਕਰਨ ਦੀ ਇਜਾਜ਼ਤ ਦਿੰਦਾ ਹੈ? ਆਓ ਸਮਝੀਏ। ਈਰਾਨੀ ਵਿਰੋਧ ਪ੍ਰਦਰਸ਼ਨਾਂ ਨੂੰ ਸਿਰਫ਼ ਅਰਬ ਦੇਸ਼ਾਂ ਦੁਆਰਾ ਹੀ ਨਹੀਂ ਸਗੋਂ ਪੂਰੀ ਦੁਨੀਆ ਦੁਆਰਾ ਦੇਖਿਆ ਜਾ ਰਿਹਾ ਹੈ। ਅਮਰੀਕਾ ਅਤੇ ਯੂਰਪੀ ਦੇਸ਼ ਇਸ ਨੂੰ ਇੱਕ ਮੌਕੇ ਵਜੋਂ ਦੇਖ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ ਹੈ ਕਿ ਈਰਾਨ ਪਹਿਲਾਂ ਕਦੇ ਨਾ ਵੇਖੀ ਗਈ ਆਜ਼ਾਦੀ ਦੀ ਉਮੀਦ ਕਰ ਰਿਹਾ ਹੈ। ਅਮਰੀਕਾ ਮਦਦ ਕਰਨ ਲਈ ਤਿਆਰ ਹੈ। ਯੂਰਪੀ ਕਮਿਸ਼ਨ ਨੇ ਵੀ ਈਰਾਨ ਵਿੱਚ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦਾ ਸਮਰਥਨ ਕੀਤਾ ਹੈ। ਹਾਲਾਂਕਿ, ਪਿਛਲੇ 17 ਸਾਲਾਂ ਵਿੱਚ, ਜਦੋਂ ਵੀ ਈਰਾਨ ਵਿੱਚ ਲੋਕ ਸੜਕਾਂ 'ਤੇ ਉਤਰਦੇ ਹਨ, ਦੁਨੀਆ ਡਰਦੀ ਹੈ ਕਿ ਇਸ ਵਾਰ ਇਸਲਾਮੀ ਗਣਰਾਜ ਦੀ ਨੀਂਹ ਹਿੱਲ ਜਾਵੇਗੀ। ਪਰ ਜਿਵੇਂ ਹੀ ਧੂੜ ਘੱਟਦੀ ਹੈ, ਅਯਾਤੁੱਲਾ ਦਾ ਰਾਜ ਬਰਕਰਾਰ ਰਹਿੰਦਾ ਹੈ। ਇਸਦਾ ਇੱਕ ਕਾਰਨ ਹੈ। ਦਰਅਸਲ, ਇਸਲਾਮੀ ਇਨਕਲਾਬ ਤੋਂ ਬਾਅਦ ਈਰਾਨ ਵਿੱਚ ਸੱਤਾ ਵਿੱਚ ਆਈ ਸਰਕਾਰ ਨੇ ਆਪਣੇ ਆਪ ਨੂੰ ਧਰਮ ਦੇ ਰੰਗਾਂ ਵਿੱਚ ਇੰਨਾ ਡੂੰਘਾ ਢਾਲਿਆ ਕਿ ਆਮ ਲੋਕਾਂ ਵਿੱਚ ਇਸਦੀ ਸਵੀਕ੍ਰਿਤੀ ਰਾਤੋ-ਰਾਤ ਵੱਧ ਗਈ। ਈਰਾਨ ਦੀ 90 ਪ੍ਰਤੀਸ਼ਤ ਆਬਾਦੀ ਸ਼ੀਆ ਹੈ। ਸਰਕਾਰ ਲਈ ਜਨਤਕ ਸਮਰਥਨ ਵਾਰ-ਵਾਰ ਸਾਬਤ ਹੋਇਆ ਹੈ। ਸਥਿਤੀ ਅਜਿਹੀ ਹੈ ਕਿ ਜਦੋਂ ਵੀ ਸਰਕਾਰ ਵਿਰੁੱਧ ਆਵਾਜ਼ ਉਠਾਈ ਜਾਂਦੀ ਹੈ, ਤਾਂ ਇਸਨੂੰ ਲੋਕਾਂ ਦੀ ਜਾਇਜ਼ ਮੰਗ ਦੀ ਬਜਾਏ ਅਮਰੀਕਾ ਜਾਂ ਪੱਛਮੀ ਦੇਸ਼ਾਂ ਦੁਆਰਾ ਇੱਕ ਸਾਜ਼ਿਸ਼ ਵਜੋਂ ਦੇਖਿਆ ਜਾਂਦਾ ਹੈ। ਈਰਾਨ ਮੌਜੂਦਾ ਵਿਰੋਧ ਪ੍ਰਦਰਸ਼ਨਾਂ ਸੰਬੰਧੀ ਇਸ ਭਾਵਨਾ ਨੂੰ ਗੂੰਜਦਾ ਹੈ। ਲਗਭਗ ਪੰਜ ਦਹਾਕੇ ਪਹਿਲਾਂ, ਈਰਾਨ ਨੇ ਇਸਲਾਮੀ ਇਨਕਲਾਬ ਦੇਖਿਆ ਸੀ। ਜਨਵਰੀ 1978 ਵਿੱਚ ਪਹਿਲੇ ਵੱਡੇ ਪ੍ਰਦਰਸ਼ਨ ਸ਼ੁਰੂ ਹੋਏ, ਜਿਸਦਾ ਉਦੇਸ਼ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਨੂੰ ਉਖਾੜ ਸੁੱਟਣਾ ਸੀ। ਦਸੰਬਰ 1979 ਵਿੱਚ, ਇੱਕ ਨਵਾਂ, ਇਸਲਾਮ-ਅਧਾਰਤ ਲੋਕਤੰਤਰੀ ਸੰਵਿਧਾਨ ਮਨਜ਼ੂਰ ਕੀਤਾ ਗਿਆ, ਜਿਸ ਵਿੱਚ ਰਾਜਸ਼ਾਹੀ ਨੂੰ ਖਤਮ ਕੀਤਾ ਗਿਆ। ਈਰਾਨੀਆਂ ਨੇ ਅਯਾਤੁੱਲਾ ਰੂਹੁੱਲਾ ਖੋਮੇਨੀ ਦਾ ਸਵਾਗਤ ਕੀਤਾ। ਖੋਮੇਨੀ ਈਰਾਨ ਦੇ ਅੰਤਮ ਮਾਰਗਦਰਸ਼ਕ ਅਤੇ ਇਸਲਾਮ ਦੇ ਚਿਹਰੇ ਵਜੋਂ ਉਭਰੇ। ਉਸਨੇ ਇਸਨੂੰ ਇਸਲਾਮੀ ਇਨਕਲਾਬ ਦਾ ਨਾਮ ਦਿੱਤਾ। ਰੂਹੁੱਲਾ ਖੋਮੇਨੀ ਨੇ ਬਾਅਦ ਵਿੱਚ ਸਮਝਾਇਆ ਕਿ ਇਸਲਾਮ ਸਾਰੇ ਮੁਸਲਮਾਨਾਂ ਦਾ ਹੈ ਅਤੇ ਸਾਰਿਆਂ ਲਈ ਬਰਾਬਰ ਹੈ, ਇਸ ਲਈ ਇਹ ਇਨਕਲਾਬ ਸਾਰਿਆਂ ਲਈ ਹੈ ਅਤੇ ਸਾਰਿਆਂ ਨੂੰ ਇੱਕਜੁੱਟ ਕਰਨ ਦੀ ਸਮਰੱਥਾ ਰੱਖਦਾ ਹੈ। ਧਾਰਮਿਕ ਆਗੂ ਅੱਲ੍ਹਾ ਦੇ ਸੇਵਕ ਹਨ। ਉਹ ਰਾਜਨੀਤੀ ਸਮੇਤ ਸਾਰੇ ਖੇਤਰਾਂ ਵਿੱਚ ਇਸ ਵਿਸ਼ਵਾਸ ਨਾਲ ਕੰਮ ਕਰਦੇ ਹਨ। ਇਸ ਲਈ, ਜਦੋਂ ਉਨ੍ਹਾਂ ਨੇ ਈਰਾਨ ਵਿੱਚ ਸੱਤਾ ਸੰਭਾਲੀ, ਤਾਂ ਉਨ੍ਹਾਂ ਨੇ ਇੱਕ ਅਜਿਹੀ ਪ੍ਰਣਾਲੀ ਸਥਾਪਤ ਕੀਤੀ ਜੋ ਪੂਰੀ ਤਰ੍ਹਾਂ ਧਾਰਮਿਕ ਪ੍ਰਕਿਰਤੀ ਵਾਲੀ ਸੀ। ਈਰਾਨ ਦੀ ਸ਼ਾਸਨ ਪ੍ਰਣਾਲੀ ਨੂੰ ਵਿਲਾਇਤ-ਏ-ਫਕੀਹ ਵੀ ਕਿਹਾ ਜਾਂਦਾ ਹੈ। ਵਿਲਾਇਤ-ਏ-ਫਕੀਹ ਦਾ ਸਿਧਾਂਤ ਬਾਰਾਂ ਸ਼ੀਆ ਇਮਾਮਾਂ ਵਿੱਚੋਂ 12ਵੇਂ ਇਮਾਮ ਮਹਿਦੀ ਦੇ ਪ੍ਰਤੀਨਿਧੀ ਦੀ ਤਾਜਪੋਸ਼ੀ ਹੈ। ਇਹ ਰਾਜ ਉੱਤੇ ਮੌਲਵੀ ਦੇ ਰਾਜ ਨੂੰ ਜਾਇਜ਼ ਠਹਿਰਾਉਂਦਾ ਹੈ। ਵਿਲਾਇਤ-ਏ-ਫਕੀਹ ਦੀ ਧਾਰਨਾ ਸਾਰੇ ਰਾਜਨੀਤਿਕ ਅਤੇ ਧਾਰਮਿਕ ਅਧਿਕਾਰ ਇਸਲਾਮੀ ਧਾਰਮਿਕ ਆਗੂ ਨੂੰ ਸੌਂਪਦੀ ਹੈ। ਇਸ ਦੇ ਤਹਿਤ, ਸਰਵਉੱਚ ਧਾਰਮਿਕ ਆਗੂ, ਵਲੀ-ਏ-ਫਕੀਹ, ਕੋਲ ਸਾਰੇ ਵੱਡੇ ਫੈਸਲੇ ਲੈਣ ਦਾ ਅਧਿਕਾਰ ਹੈ।



